P.O.Regn. G/CHD/0090/2024-2026 ਭੇਟਾ 10/-

# ਗੁਰਬਾਣੀ ਚਾਨਣ

ਅੰਕ 05 ਨਾਨਕਸ਼ਾਹੀ ਸੰਮਤ 556 ਵੈਸਾਖਿ/ਜੇਠ ਮਈ, 2024 ਸਾਲ 42

**ਕਲਿਜੁਗ ਮਹਿ ਨਾਮੁ ਨਿਧਾਨੁ ਭਗਤੀ ਖਟਿਆ ਹਰਿ ਉਤਮ ਪਦੁ ਪਾਇਆ ॥ ਸਤਿਗੁਰ ਸੇਵਿ ਹਰਿ ਨਾਮੁ ਮਨਿ ਵਸਾਇਆ ਅਨਦਿਨੁ ਨਾਮੁ ਧਿਆਇਆ ॥ ਵਿਚੇ ਗ੍ਰਿਹ ਗੁਰ ਬਚਨਿ ਉਦਾਸੀ ਹਉਮੈ ਮੋਹੁ ਜਲਾਇਆ ॥ ਆਪਿ ਤਰਿਆ ਕੁਲ ਜਗਤੁ ਤਰਾਇਆ ਧੰਨੁ ਜਣੇਦੀ ਮਾਇਆ ॥**

(ਅੰਗ-੫੧੩)

'ਗੁਰਬਾਣੀ ਇਸੁ ਜਗ ਮਹਿ ਚਾਨਣੁ'
ਪ੍ਰਚਾਰ ਤੇ ਪ੍ਰਸਾਰ ਸੰਸਥਾ
ਭਵਨ ਨੰ. 6, ਫੇਜ 3-ਏ (ਸੈਕਟਰ 53), ਐਸ.ਏ.ਐਸ.ਨਗਰ (ਮੋਹਾਲੀ)
E-mail : gurbanichanan1125@gmail.com ਫੋਨ : 0172-2913729
Website : WWW.GURBANICHANAN.ORG 98156-50812
You Tube Channel : Gurbani Chanan Magazine

ੴ ਸਤਿਗੁਰ ਪ੍ਰਸਾਦਿ ॥

**ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥**
**ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥**

(ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥, ਅੰਗ-੭੯੬)

## ਸੰਸਥਾ ਦੇ ਕਾਰਜਾਂ ਲਈ ਬੈਂਕ ਵਿੱਚ ਸਹਾਇਤਾ ਰਾਸ਼ੀ ਭੇਜਣ ਲਈ ਪਤਾ :

**Bank A/C Name : Gurbani Iss Jag Meh Chanan**
**Bank Name : Panjab National Bank (Phase-1, Mohali)**
**Bank A/c No : 1155000100132409**
**IFSC Code : PUNB0040810**
**SWIFT Code (FOR FOREIGN REMITTENCE)**
**PUNBINBBMOH**

**ਸੰਸਥਾ ਦੇ ਕਾਰਜਾਂ ਲਈ ਸਹਾਇਤਾ ਭੇਜਣ ਲਈ**
**PAYTM/GPAY ਲਈ QR Code**

SCAN & PAY
9815650812m@pnb
MERCHANT: GURBANI ISS JAG MEH CHANAN


**ਬਾਨੀ** (Founder) : **ਗੁਰਪੁਰਵਾਸੀ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ**
**ਮੁੱਖ ਸੇਵਾਦਾਰ : ਸ.ਕੁਲਬੀਰ ਸਿੰਘ**
**ਮੁੱਖ ਸੰਪਾਦਕ : ਡਾ.ਪਰਮਜੀਤ ਸਿੰਘ** **ਸਹਿ ਸੰਪਾਦਕ : ਡਾ.ਗੁਰਬਚਨ ਸਿੰਘ**
**ਸੰਪਾਦਕੀ ਬੋਰਡ : ਸ.ਹਰੀ ਸਿੰਘ ਕੁਵੈਤ ਵਾਲੇ, ਸ.ਗੁਲਜਾਰ ਸਿੰਘ**


## ਤਤਕਰਾ


| | | | |
|---|---|---|---|
| 1. | ਗੁਰ-ਸੇਵਾ | ਡਾ.ਪਰਮਜੀਤ ਸਿੰਘ | 03 |
| 2. | ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ | ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ | 09 |
| 3. | ਗੁਰਸਿੱਖ ਰਹਿਣੀ | -ਸੰਪਾਦਕ | 18 |
| 4. | ਵੱਡੇ ਘਲੂਘਾਰੇ ਦੇ ਸ਼ਹੀਦ ਭਾਈ ਖੇਮ ਸਿੰਘ ਜੀ | ਡਾ.ਗੁਰਬਚਨ ਸਿੰਘ | 19 |
| 5. | ਜਗਤ ਦੀ ਨਾਸ਼ਮਾਨਤਾ ਦਾ ਬੋਧ | ਡਾ.ਪਰਮਜੀਤ ਸਿੰਘ | 22 |
| 6. | ਅਮਲਤਾਸ (ਸਿਹਤ ਸੰਭਾਲ) | ਸ.ਸੁਰਿੰਦਰ ਸਿੰਘ ਵੈਦਨਾਥ | 26 |
| 7. | ਸੇਵਾ ਦਾ ਸੰਕਲਪ | ਸ.ਗੁਲਜਾਰ ਸਿੰਘ | 29 |
| 8. | ਖਬਰਾਵਲੀ | ਸੰਪਾਦਕ | 35 |



ਨੋਟ : ਪਰਚੇ ਵਿਚ ਛਪੇ ਲੇਖਾਂ ਵਿਚ ਲੇਖਕਾਂ ਦੇ ਆਪਣੇ ਵਿਚਾਰ ਹਨ। ਬੇਸ਼ਕ ਸਾਰੇ ਲੇਖ ਪੂਰੀ ਛਾਣ-ਬੀਨ ਤੋਂ ਬਾਅਦ ਛਾਪੇ ਜਾਂਦੇ ਹਨ, ਪਰ ਫੇਰ ਵੀ ਸੰਪਾਦਕੀ ਬੋਰਡ ਦਾ ਇਨ੍ਹਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ ।



ਪ੍ਰਿੰਟਰ ਅਤੇ ਪਬਲਿਸ਼ਰ **ਡਾ.ਪਰਮਜੀਤ ਸਿੰਘ ਨੇ "ਗੁਰਬਾਣੀ ਇਸੁ ਜਗ ਮਹਿ ਚਾਨਣੁ"** ਪ੍ਰਚਾਰ ਤੇ ਪ੍ਰਸਾਰ ਸੰਸਥਾ ਵਾਸਤੇ ਮਜੈਸਟਿਕ ਪ੍ਰਿੰਟਿੰਗ ਪ੍ਰੈਸ, ਮੋਹਾਲੀ ਤੋਂ ਛਪਵਾ ਕੇ ਸੰਸਥਾ ਦੇ ਦਫਤਰ ਭਵਨ ਨੰ.6, ਫੇਜ਼-3-ਏ, ਮੋਹਾਲੀ (ਪੰਜਾਬ) ਤੋਂ ਪ੍ਰਕਾਸ਼ਿਤ ਕੀਤਾ।

# ਗੁਰ–ਸੇਵਾ

–ਡਾ: ਪਰਮਜੀਤ ਸਿੰਘ , ਮੋ.87259-00257

ਜਿਸ ਵੇਲੇ ਅਸੀਂ ਸੇਵਾ ਦੀ ਗੱਲ ਕਰਦੇ ਹਾਂ ਤਾਂ ਸਾਡੇ ਸਾਹਮਣੇ ਤਨ ਅਤੇ ਧਨ ਨਾਲ ਕੀਤੀ ਜਾਂਦੀ ਸੇਵਾ ਆਉਂਦੀ ਹੈ, ਜਿਵੇਂ ਤਨ ਨਾਲ ਕੀਤੀਆਂ ਜਾਣ ਵਾਲੀਆਂ ਅਨੇਕਾਂ ਪ੍ਰਕਾਰ ਦੀਆਂ ਸੇਵਾਵਾਂ ਗੁਰੂ ਘਰ ਵਿੱਚ ਲੰਗਰਾਂ ਦੀ ਸੇਵਾ, ਸਫਾਈ ਸੇਵਾ, ਇਸ ਤੋਂ ਦੁੱਖੀਆਂ, ਗਰੀਬਾਂ, ਅਨਾਥਾਂ, ਬੀਮਾਰ ਰੋਗੀਆਂ ਦੀ ਸੇਵਾ ਸੰਭਾਲ ਆਦਿ ਸ਼ਾਮਲ ਹਨ। ਇਨਾਂ ਸਾਰੀਆਂ ਸੇਵਾਵਾਂ ਲਈ ਧਨ ਅਰਪਣ ਕਰਨਾ ਵੀ ਧਨ ਰਾਹੀਂ ਕੀਤੀ ਜਾਂਦੀ ਸੇਵਾ ਹੈ। ਇਸੇ ਤਰ੍ਹਾਂ ਮਨ ਨਾਲ ਕਰਨ ਵਾਲੀ ਸੇਵਾ ਜਿਵੇਂ ਗੁਰਬਾਣੀ ਪੜ੍ਹਨੀ, ਲਿਖਣੀ, ਗੁਰਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਆਦਿ ਸ਼ਾਮਲ ਹੁੰਦੀ ਹੈ।

ਸੇਵਾ ਤੋਂ ਭਾਵ ਸੇਵਨਾ, ਸਿਮਰਨ ਕਰਨਾ ਵੀ ਮੰਨਿਆ ਜਾਂਦਾ ਹੈ। ਗੁਰੂ ਦੀ ਸ਼ਰਨ ਵਿੱਚ ਆ ਜਾਣਾ, ਗੁਰੂ ਦੇ ਹੁਕਮ ਨੂੰ ਮੰਨ ਕੇ ਜੀਵਨ ਜੀਉਣਾ ਵੀ ਗੁਰ ਸੇਵਾ ਹੀ ਹੈ ।

ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿੱਚ ਰਹਿ ਕੇ ਉਨ੍ਹਾਂ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਤਨ ਮਨ ਨਾਲ ਸੇਵਾ ਕਰਕੇ ਗੁਰੂ ਦੇ ਪੱਦ ਨੂੰ ਪ੍ਰਾਪਤ ਕੀਤਾ ਅਤੇ ਆਪਣੀ ਬਾਣੀ ਦੇ ਰਾਹੀਂ ਸਾਨੂੰ ਗੁਰ–ਸੇਵਾ ਦੇ ਸਿਧਾਂਤ ਨੂੰ ਸਮਝਾਇਆ। ਇਥੇ ਇਸ ਲੇਖ ਰਾਹੀਂ ਗੁਰੂ ਅਮਰਦਾਸ ਜੀ ਨੇ 'ਗੁਰ–ਸੇਵਾ' ਕੀ ਹੁੰਦੀ ਹੈ, ਇਸ ਤੋਂ ਬਿਨਾਂ ਜੀਵਨ ਕਿਵੇਂ ਵਿਅਰਥ ਹੈ ਅਤੇ ਗੁਰ–ਸੇਵਾ ਦਾ ਜੀਵ ਨੂੰ ਕੀ ਫਲ ਮਿਲਦਾ ਹੈ, ਉਸ ਦੀ ਅਵਸਥਾ ਕੀ ਬਣ ਜਾਂਦੀ ਹੈ, ਬਾਰੇ ਚਾਨਣਾ ਪਾਉਣ ਦਾ ਜਤਨ ਕਰ ਰਹੇ ਹਾਂ। ਸਤਿਗੁਰੂ ਜੀ ਦਾ ਫੁਰਮਾਨ ਹੈ :

**ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥ ਹਰਿ ਜੀਉ ਮਨਿ ਵਸੈ ਸਭ ਦੂਖ ਵਿਸਾਰਣਹਾਰੁ॥**
**ਦਰਿ ਸਾਚੈ ਦੀਸੈ ਸਚਿਆਰੁ ॥੪॥** (ਅੰਗ–੪੨੩)

ਗੁਰੂ ਦੀ ਕੀਤੀ ਹੋਈ ਸੇਵਾ ਸਾਰੇ ਤਪਾਂ ਦਾ ਨਿਚੋੜ ਹੈ ਜਿਸ ਨਾਲ ਹਰੀ ਪ੍ਰਮਾਤਮਾ ਮਨ ਵਿੱਚ ਵਸ ਜਾਂਦਾ ਹੈ ਅਤੇ ਸਾਰੇ ਦੁੱਖ ਨਵਿਰਤ ਹੋ ਜਾਂਦੇ ਹਨ ਅਤੇ ਪ੍ਰਮਾਤਮਾ ਦੇ ਸੱਚੇ ਦਰ ਉੱਤੇ ਉਹ ਜੀਵ ਸਚਿਆਰ ਹੋ ਕੇ ਜਾਂਦਾ ਹੈ।

ਸਤਿਗੁਰੂ ਦੀ ਸੇਵਾ ਤੋਂ ਬਿਨ੍ਹਾਂ ਜੀਵ ਦੀ ਕੀ ਹਾਲਤ ਹੁੰਦੀ ਹੈ ਉਸ ਨੂੰ ਬਿਆਨ ਕਰਦੇ ਹੋਏ ਸਤਿਗੁਰੂ ਜੀ ਆਖਦੇ ਹਨ :

**ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ ਜੁਗ ਚਾਰੇ ਭਰਮਾਈ ॥ ਹਮ ਦੀਨ ਤੁਮ ਜੁਗੁ ਜੁਗੁ ਦਾਤੇ ਸਬਦੇ ਦੇਹਿ ਬੁਝਾਈ॥੧॥ਹਰਿ ਜੀਉ ਕ੍ਰਿਪਾ ਕਰਹੁ ਤੁਮ ਪਿਆਰੇ॥ ਸਤਿਗੁਰੁ ਦਾਤਾ ਮੇਲਿ ਮਿਲਾਵਹੁ ਹਰਿ ਨਾਮੁ ਦੇਵਹੁ ਆਧਾਰੇ॥**(ਅੰਗ–੬੦੩)

ਗੁਰੂ ਦੀ ਸ਼ਰਨ ਪੈਣ ਤੋਂ ਬਿਨ੍ਹਾਂ ਮਨੁੱਖ ਨੂੰ ਬਹੁਤ ਦੁੱਖ ਚੰਬੜਿਆ ਰਹਿੰਦਾ ਹੈ, ਮਨੁੱਖ ਸਦਾ ਹੀ ਭਟਕਦਾ ਫਿਰਦਾ ਹੈ। ਹੇ ਪ੍ਰਭੂ ! ਅਸੀਂ ਜੀਵ ਤੇਰੇ ਦਰ ਦੇ ਮੰਗਤੇ ਹਾਂ। ਮੇਹਰ ਕਰ, ਗੁਰੂ ਦੇ ਸ਼ਬਦ ਵਿੱਚ ਜੋੜ ਕੇ ਆਤਮਿਕ ਜੀਵਨ ਦੀ ਸੂਝ ਬਖਸ਼ । ਪ੍ਰਭੂ ਜੀ, ਮੇਰੇ ਤੇ ਮੇਹਰ ਕਰ, ਤੇਰੇ ਨਾਮ ਦੀ ਦਾਤ ਦੇਣ ਵਾਲਾ ਗੁਰੂ ਮਿਲਾ ਦੇਹ ਅਤੇ ਮੇਰੀ ਜਿੰਦਗੀ ਦਾ ਸਹਾਰਾ ਨਾਮ ਮੈਨੂੰ ਦੇਹ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਵਾਹਿਗੁਰੂ ਜੀ, ਤੇਰੇ ਖਜਾਨੇ ਨਾਮ ਰੂਪੀ ਅੰਮ੍ਰਿਤ ਨਾਲ ਭਰੇ ਹੋਏ ਹਨ ਪਰ ਸਤਿਗੁਰੂ ਦੀ ਸ਼ਰਨ ਵਿੱਚ ਪੈਣ ਤੋਂ ਬਿਨ੍ਹਾਂ ਉਨ੍ਹਾਂ ਖਜਾਨਿਆਂ ਨੂੰ ਪਾਇਆ ਨਹੀਂ ਜਾ ਸਕਦਾ ਹੈ। ਜੇ ਗੁਰੂ ਦੀ ਕ੍ਰਿਪਾ ਹੋ ਜਾਵੇ ਤਾਂ ਜੀਵ ਉਨ੍ਹਾਂ ਨਾਮ ਰੂਪੀ ਅੰਮ੍ਰਿਤ ਦੇ ਖਜਾਨਿਆਂ ਨੂੰ ਪਾ ਲੈਂਦਾ ਹੈ।

**ਅੰਮ੍ਰਿਤਿ ਭਰੇ ਤੇਰੇ ਭੰਡਾਰਾ ॥**
**ਬਿਨੁ ਸਤਿਗੁਰ ਸੇਵੇ ਕੋਈ ਨ ਪਾਵੈ ਗੁਰ ਕਿਰਪਾ ਤੇ ਪਾਵਣਿਆ ॥੪॥** (ਅੰਗ-੧੧੯)

ਸਤਿਗੁਰੂ ਦੀ ਸੇਵਾ ਸ਼ਰਨ ਵਿੱਚ ਪੈਣ ਤੋਂ ਬਿਨ੍ਹਾਂ ਮਨ ਨੂੰ ਸ਼ਾਂਤੀ ਨਹੀਂ ਮਿਲ ਸਕਦੀ ਅਤੇ ਸਤਿਗੁਰੂ ਤੋਂ ਬਿਨ੍ਹਾਂ ਹੋਰ ਕੋਈ ਥਾਂ ਵੀ ਨਹੀਂ ਹੈ। ਜੀਵ ਜਿਤਨੀ ਮਰਜ਼ੀ ਲੋਚਾ ਕਰ ਲਵੇ ਪਰ ਗੁਰੂ ਦੀ ਕਿਰਪਾ ਤੋਂ ਬਿਨ੍ਹਾਂ ਕੁਝ ਨਹੀਂ ਪਾਇਆ ਜਾ ਸਕਦਾ :

**ਬਿਨੁ ਸਤਿਗੁਰ ਸੇਵੇ ਸਾਤਿ ਨ ਆਵਈ ਦੂਜੀ ਨਾਹੀ ਜਾਇ ॥**
**ਜੇ ਬਹੁਤੇਰਾ ਲੋਚੀਐ ਵਿਣੁ ਕਰਮੈ ਨ ਪਾਇਆ ਜਾਇ ॥** (ਅੰਗ-੫੧੬)

ਸਤਿਗੁਰੂ ਦੀ ਸ਼ਰਨ ਵਿੱਚ ਪੈਣ ਤੋਂ ਬਿਨ੍ਹਾਂ ਜੀਵ ਜਮਾਂ ਦੀ ਫਾਸੀ ਤੋਂ ਮੁਕਤ ਨਹੀਂ ਹੋ ਸਕਦਾ। ਇਸ ਲਈ ਜਦੋਂ ਗੁਰੂ ਦੀ ਕ੍ਰਿਪਾ ਨਾਲ ਜੀਵ ਦਾ ਪ੍ਰਭੂ ਨਾਲ ਮਿਲਾਪ ਹੋ ਜਾਂਦਾ ਹੈ, ਤਾਂ ਉਹ ਮੁਕਤੀ ਪਾ ਲੈਂਦਾ ਹੈ।

**ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ॥ ਗੁਰ ਪਰਸਾਦੀ ਮਿਲੈ ਹਰਿ ਸੋਈ ॥**

ਉਹ ਮਨੁੱਖ ਭਾਗਾਂ ਵਾਲਾ ਹੈ ਜੋ ਗੁਰੂ ਦੀ ਦੱਸੀ ਸੇਵਾ ਕਰਦਾ ਹੈ ਪਰ ਗੁਰੂ ਉਸੇ ਨੂੰ ਮਿਲਦਾ ਹੈ ਜਿਸ ਨੂੰ ਪਰਮਾਤਮਾ ਆਪ ਮਿਲਾਏ। ਗੁਰੂ ਦੀ ਸ਼ਰਨ ਪੈਣ ਵਾਲਾ ਮਨੁੱਖ ਆਪਣੇ ਅੰਦਰੋਂ ਆਪਾ ਭਾਵ ਦੂਰ ਕਰਕੇ ਗੁਰੂ ਪਾਸੋਂ ਪਰਮਾਤਮਾ ਦੇ ਨਾਮ ਰਸ ਪੀ ਕੇ ਸਦਾ ਰੱਜੇ ਰਹਿੰਦੇ ਹਨ। ਪਰ ਮਨ ਮੁਖ ਜਨਮ ਗੁਆ ਕੇ ਜਾਂਦੇ ਹਨ।

**ਪ੍ਰਾਣੀ ਸਤਿਗੁਰੁ ਸੇਵਿ ਸੁਖੁ ਪਾਇ ॥**
**ਸਤਿਗੁਰੁ ਸੇਵਹਿ ਤਾ ਸੁਖੁ ਪਾਵਹਿ ਨਾਹਿ ਤ ਜਾਹਿਗਾ ਜਨਮੁ ਗਵਾਇ ॥**(ਅੰਗ-੬੦੩)

ਹੇ ਭਾਈ ! ਭੈੜੀ ਮਤਿ ਦੇ ਕਾਰਨ ਬੇਅੰਤ ਲੋਕਾਈ ਖੁਆਰ ਹੋ ਰਹੀ ਹੈ। ਪਰਮਾਤਮਾ ਨੂੰ ਵਿਸਾਰ ਕੇ ਹੋਰ ਦੇ ਮੋਹ ਵਿੱਚ ਖੁੰਝੀ ਹੋਈ ਹੈ। ਪਰਮਾਤਮਾ ਦਾ ਨਾਮ ਗੁਰੂ ਤੋਂ ਬਿਨ੍ਹਾਂ ਨਹੀਂ ਮਿਲ ਸਕਦਾ ਤੇ ਪ੍ਰਭੂ ਦੇ ਨਾਮ ਤੋਂ ਬਿਨ੍ਹਾਂ ਮਨ ਦੀ ਭਟਕਣਾ ਦੂਰ ਨਹੀਂ ਹੁੰਦੀ। ਜਦੋਂ ਮਨੁੱਖ ਗੁਰੂ ਦੀ ਦੱਸੀ ਸੇਵਾ ਕਰਦਾ ਹੈ ਤਦ ਆਤਮਿਕ ਅਨੰਦ ਪ੍ਰਾਪਤ ਕਰਦਾ ਹੈ ਤੇ ਆਪਣਾ ਜਨਮ

ਮਰਨ ਦਾ ਗੇੜ ਮੁਕਾ ਲੈਂਦਾ ਹੈ।

**ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥**
**ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥** (ਅੰਗ-੬੩੫)

ਸਤਿਗੁਰੂ ਤੋਂ ਬਿਨ੍ਹਾਂ ਜੀਵ ਦਾ ਮਨ ਵਿਕਾਰਾਂ ਦੀ ਮੈਲ ਨਾਲ ਮੈਲਾ ਹੋਇਆ ਰਹਿੰਦਾ ਹੈ। ਜਦੋਂ ਉਹ ਗੁਰੂ ਦੀ ਦੱਸੀ ਹੋਈ ਸੇਵਾ ਵਿੱਚ ਲੱਗ ਕੇ ਸ਼ਰਨ ਵਿੱਚ ਆਉਂਦਾ ਹੈ ਤਦ ਮਨ ਵਿੱਚੋਂ ਹਉਮੈਂ ਦੀ ਮੈਲ ਦੂਰ ਹੋ ਜਾਦੀ ਹੈ। ਉਹ ਦੁਨੀਆਂ ਦੇ ਕਾਰ ਵਿਹਾਰ ਕਰਦਾ ਵੀ ਆਪਾ ਭਾਵ ਤੋਂ ਮਰਿਆ ਰਹਿੰਦਾ ਹੈ ਤੇ ਪਰਮਾਤਮਾ ਦੇ ਚਰਨਾਂ ਵਿੱਚ ਚਿੱਤ ਜੋੜੀ ਰੱਖਦਾ ਹੈ।

**ਇਹੁ ਮਨੁ ਮੈਲਾ ਇਕੁ ਨ ਧਿਆਏ ॥ ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ ॥ ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ ॥੩॥ ਸਤਿਗੁਰੁ ਸੇਵੇ ਤਾ ਮਲੁ ਜਾਏ ॥ ਜੀਵਤੁ ਮਰੈ ਹਰਿ ਸਿਉ ਚਿਤੁ ਲਾਏ ॥ ਹਰਿ ਨਿਰਮਲੁ ਸਚੁ ਮੈਲੁ ਨ ਲਾਗੈ ਸਚਿ ਲਾਗੈ ਮੈਲੁ ਗਵਾਵਣਿਆ ॥੪॥** (ਅੰਗ-੧੧੬)

ਜੋ ਮਨੁੱਖ ਸਤਿਗੁਰੂ ਦਾ ਪੱਲਾ ਫੜ ਕੇ ਸੇਵਾ ਵਿੱਚ ਲੱਗ ਜਾਵੇ ਤਾਂ ਉਹ ਹਰੇਕ ਵਸਤੂ ਪ੍ਰਾਪਤ ਕਰ ਲੈਂਦਾ ਹੈ। ਜਿਹੋ ਜਿਹੀ ਕਾਮਨਾ ਮਨ ਵਿੱਚ ਧਾਰ ਕੇ ਗੁਰੂ ਦੀ ਚਰਨੀ ਲੱਗਦਾ ਹੈ, ਉਹੋ ਜਿਹਾ ਫਲ ਪਾ ਲੈਂਦਾ ਹੈ। ਗੁਰੂ ਸਭ ਪਦਾਰਥਾਂ ਦਾ ਦੇਣ ਵਾਲਾ ਹੈ। ਪਰਮਾਤਮਾ ਜੀਵ ਨੂੰ ਉਸ ਦੀ ਪੂਰੀ ਕਿਸਮਤ ਦਾ ਸਦਕਾ ਗੁਰੂ ਨਾਲ ਮਿਲਾਂਦਾ ਹੈ।

**ਸਤਿਗੁਰੁ ਸੇਵੇ ਤਾ ਸਭ ਕਿਛੁ ਪਾਏ ॥ ਜੇਹੀ ਮਨਸਾ ਕਰਿ ਲਾਗੈ ਤੇਹਾ ਫਲੁ ਪਾਏ ॥**
**ਸਤਿਗੁਰੁ ਦਾਤਾ ਸਭਨਾ ਵਥੂ ਕਾ ਪੂਰੈ ਭਾਗਿ ਮਿਲਾਵਣਿਆ ॥੨॥** (ਅੰਗ-੧੧੬)

ਹੇ ਪ੍ਰਭੂ ! ਆਤਮਿਕ ਜੀਵਨ ਦੇਣ ਵਾਲੇ ਤੇਰੇ ਨਾਮ ਜਲ ਨਾਲ ਤੇਰੇ ਖਜਾਨੇ ਭਰੇ ਪਏ ਹਨ। ਜਿਹੜਾ ਮਨੁੱਖ ਗੁਰੂ ਦੀ ਸੇਵਾ ਵਿੱਚ ਲਗਦਾ ਹੈ, ਉਹ ਮਨੁੱਖ ਸੋਹਣੇ ਜੀਵਨ ਵਾਲਾ ਹੋ ਜਾਂਦਾ ਹੈ। ਆਤਮਿਕ ਜੀਵਨ ਦੇਣ ਵਾਲੇ ਨਾਮ ਵਿੱਚ ਉਸ ਦਾ ਅੰਦਰਲਾ ਮਨ ਮਸਤ ਰਹਿੰਦਾ ਹੈ। ਉਸ ਮਨੁੱਖ ਦਾ ਮਨ ਅਤੇ ਤਨ ਨਾਮ ਅੰਮ੍ਰਿਤ ਨਾਲ ਸਿਫਤ ਸਾਲਾਹ ਦੀ ਬਾਣੀ ਨਾਲ ਰੰਗਿਆ ਜਾਂਦਾ ਹੈ, ਆਤਮਿਕ ਅਡੋਲਤਾ ਵਿੱਚ ਟਿੱਕ ਕੇ ਉਹ ਮਨੁੱਖ ਆਤਮਿਕ ਜੀਵਨ ਦੇਣ ਵਾਲੀ ਨਾਮ ਧੁਨੀ ਨੂੰ ਸੁਣਦਾ ਹੈ।

**ਸਤਿਗੁਰੁ ਸੇਵੈ ਸੋ ਜਨੁ ਸੋਹੈ ॥ ਅੰਮ੍ਰਿਤ ਨਾਮਿ ਅੰਤਰੁ ਮਨੁ ਮੋਹੈ ॥**
**ਅੰਮ੍ਰਿਤਿ ਮਨੁ ਤਨੁ ਬਾਣੀ ਰਤਾ ਅੰਮ੍ਰਿਤੁ ਸਹਜਿ ਸੁਣਾਵਣਿਆ ॥੫॥** (ਅੰਗ-੧੧੯)

ਸਤਿਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ :

**ਸਤਿਗੁਰਿ ਸੇਵਿਐ ਮਨੁ ਨਿਰਮਲਾ ਭਏ ਪਵਿਤੁ ਸਰੀਰ ॥**
**ਮਨਿ ਆਨੰਦੁ ਸਦਾ ਸੁਖੁ ਪਾਇਆ ਭੇਟਿਆ ਗਹਿਰ ਗੰਭੀਰੁ ॥**
**ਸਚੀ ਸੰਗਤਿ ਬੈਸਣਾ ਸਚਿ ਨਾਮਿ ਮਨੁ ਧੀਰ ॥੧॥** (ਅੰਗ-੬੯)

ਸਤਿਗੁਰੂ ਦੇ ਸੇਵਨ ਨਾਲ ਅਰਥਾਤ ਸਤਿਗੁਰੂ ਦੀ ਸ਼ਰਨੀ ਪੈਣ ਨਾਲ ਮਨ ਪਵਿੱਤਰ ਹੋ ਜਾਂਦਾ ਹੈ ਤੇ ਸਰੀਰ ਵੀ ਪਵਿੱਤਰ ਹੋ ਜਾਂਦਾ ਹੈ ਅਰਥਾਤ ਜੀਵ ਦੇ ਗਿਆਨ ਇੰਦਰੇ ਵਿਕਾਰਾਂ ਵਲੋਂ ਹਟੇ ਰਹਿੰਦੇ ਹਨ। ਜੋ ਮਨੁੱਖ ਗੁਰੂ ਦੇ ਦਰ ਤੇ ਆ ਜਾਂਦਾ ਹੈ, ਉਸ ਦੇ ਮਨ ਵਿੱਚ ਅਨੰਦ ਪੈਦਾ ਹੁੰਦਾ ਹੈ, ਉਹ ਆਤਮਿਕ ਸੁੱਖ ਮਾਣਦਾ ਹੈ। ਉਸ ਨੂੰ ਡੂੰਘਾ ਤੇ ਵੱਡੇ ਜਿਗਰੇ ਵਾਲਾ ਪਰਮਾਤਮਾ ਮਿਲ ਪੈਂਦਾ ਹੈ। ਸਦਾ ਥਿਰ ਪ੍ਰਭੂ ਦੀ ਸੰਗਤ ਵਿੱਚ ਟਿਕੇ ਰਹਿਣ ਨਾਲ ਮਨ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੇ ਨਾਮ ਵਿੱਚ ਟਿਕਾਉ ਹਾਸਲ ਕਰ ਲੈਂਦਾ ਹੈ। ਇਸ ਲਈ ਸਤਿਗੁਰੂ ਜੀ ਫੁਰਮਾਂਦੇ ਹਨ :

**ਮਨ ਰੇ ਸਤਿਗੁਰੁ ਸੇਵਿ ਨਿਸੰਗੁ ॥**
**ਸਤਿਗੁਰੁ ਸੇਵਿਐ ਹਰਿ ਮਨਿ ਵਸੈ ਲਗੈ ਨ ਮੈਲੁ ਪਤੰਗੁ ॥੧॥** (ਅੰਗ-੬੯)

ਹੇ ਮੇਰੇ ਮਨ ! ਨਿਸਚਿੰਤ ਹੋ ਕੇ ਗੁਰੂ ਦੀ ਸ਼ਰਨ ਪੈ ਜਾ। ਗੁਰੂ ਦੀ ਸ਼ਰਨ ਪੈਣ ਨਾਲ ਪਰਮਾਤਮਾ ਮਨ ਵਿੱਚ ਆ ਵੱਸਦਾ ਹੈ ਤੇ ਮਨ ਨੂੰ ਵਿਕਾਰਾਂ ਦੀ ਮੈਲ ਨਹੀਂ ਲਗਦੀ।

ਪਰ ਜੋ ਮਨੁੱਖ ਕੋਈ ਮਿੱਥੇ ਹੋਏ ਧਾਰਮਿਕ ਕਰਮ ਕਰਦੇ ਹਨ ਤੇ ਹਉਮੈ ਵੀ ਕਰਦੇ ਹਨ, ਉਨ੍ਹਾਂ ਦੇ ਸਿਰ ਉੱਤੇ ਜਮਾਂ ਦਾ ਡੰਡਾ ਆ ਵਜਦਾ ਹੈ ਪਰ ਜੋ ਗੁਰੂ ਦੀ ਸ਼ਰਨ ਵਿੱਚ ਪੈ ਜਾਂਦੇ ਹਨ ਉਹ ਪ੍ਰਭੂ ਚਰਨਾਂ ਵਿੱਚ ਸੁਰਤ ਜੋੜ ਕੇ ਇਸ ਮਾਰ ਤੋਂ ਬਚ ਜਾਂਦੇ ਹਨ :

**ਹਉਮੈ ਕਰਮ ਕਮਾਵਦੇ ਜਮਡੰਡੁ ਲਗੈ ਤਿਨ ਆਇ ॥**
**ਜਿ ਸਤਿਗੁਰੁ ਸੇਵਨਿ ਸੇ ਉਬਰੇ ਹਰਿ ਸੇਤੀ ਲਿਵ ਲਾਇ ॥੧॥** (ਅੰਗ-੬੫)

ਗੁਰੂ ਦੀ ਸ਼ਰਨ ਵਿੱਚ ਪੈਣ ਤੋਂ ਬਿਨ੍ਹਾਂ ਜੋਗੀ, ਸੰਨਿਆਸੀ, ਛੇ ਭੇਖਾਂ ਦੇ ਸਾਧ ਮਾਇਆ ਦੀ ਭਟਕਣਾ ਵਿੱਚ ਪੈ ਕੇ ਕੁਰਾਹੇ ਪਏ ਰਹਿੰਦੇ ਹਨ ਪਰ ਗੁਰੂ ਦੀ ਸ਼ਰਨ ਵਿੱਚ ਪੈ ਕੇ ਪਰਮਾਤਮਾ ਦਾ ਨਾਮ ਆਪਣੇ ਮਨ ਵਿੱਚ ਵਸਾ ਕੇ ਉੱਚੀ ਆਤਮਿਕ ਅਵਸਥਾ ਤੇ ਸਹੀ ਜੀਵਨ ਜੁਗਤ ਨੂੰ ਪ੍ਰਾਪਤ ਕਰ ਲੈਂਦੇ ਹਨ।

**ਖਟੁ ਦਰਸਨ ਜੋਗੀ ਸੰਨਿਆਸੀ ਬਿਨੁ ਗੁਰ ਭਰਮਿ ਭੁਲਾਏ ॥ ਸਤਿਗੁਰੁ ਸੇਵਹਿ ਤਾ ਗਤਿ ਮਿਤਿ ਪਾਵਹਿ ਹਰਿ ਜੀਉ ਮੰਨਿ ਵਸਾਏ ॥ ਸਚੀ ਬਾਣੀ ਸਿਉ ਚਿਤੁ ਲਾਗੈ ਆਵਣੁ ਜਾਣੁ ਰਹਾਏ ॥੫॥** (ਅੰਗ-੬੭)

ਸਤਿਗੁਰੂ ਦਾ ਸੱਚਾ ਸ਼ਬਦ ਗਾਵਿਆਂ ਸੱਚੇ ਪ੍ਰਭੂ ਨਾਲ ਜੁੜੀਦਾ ਹੈ। ਗੁਰੂ ਦੀ ਦੱਸੀ ਕਾਰ ਕਰਨ ਤੋਂ ਬਿਨ੍ਹਾਂ ਸੁਖ ਵਿੱਚ ਮਨ ਦਾ ਟਿਕਾਉ ਨਹੀ ਹੋ ਸਕਦਾ। ਮੁੜ ਮੁੜ ਜਨਮ ਮਰਨ ਵਿੱਚ ਆਈਦਾ ਹੈ। ਦੁਨੀਆਂ ਦਾ ਪਿਆਰ ਖੋਟੀ ਪੂੰਜੀ ਹੈ ਇਹ ਕਮਾਈ ਕੂੜ ਦਾ ਵਪਾਰ ਹੈ। ਹੇ ਨਾਨਕ ! ਨਿਰੋਲ ਸਦਾ ਥਿਰ ਪ੍ਰਭੂ ਦੀ ਸਿਫਤ ਸਾਲਾਹ ਕਰਕੇ ਇਥੋਂ ਇਜ਼ਤ ਨਾਲ ਜਾਈਦਾ ਹੈ :

**ਸਚਾ ਸਬਦੁ ਸਾਲਾਹਿ ਸਚਿ ਸਮਾਈਐ ॥ ਵਿਣੁ ਸਤਿਗੁਰੁ ਸੇਵੇ ਨਾਹੀ ਸੁਖਿ**

**ਨਿਵਾਸੁ ਫਿਰਿ ਫਿਰਿ ਆਈਐ ॥ ਦੁਨੀਆ ਖੋਟੀ ਰਾਸਿ ਕੂੜੁ ਕਮਾਈਐ ॥ ਨਾਨਕ ਸਚੁ ਖਰਾ ਸਾਲਾਹਿ ਪਤਿ ਸਿਉ ਜਾਈਐ ॥** (ਅੰਗ-੧੪੪)

ਗੁਰੂ ਦੀ ਦੱਸੀ ਸੇਵਾ ਸਦਕਾ ਮਨੁੱਖ ਨੂੰ ਤਿੰਨਾਂ ਭਵਨਾਂ ਵਿੱਚ ਵਿਆਪਕ ਪਰਮਾਤਮਾ ਦੀ ਸੂਝ ਪ੍ਰਾਪਤ ਹੁੰਦੀ ਹੈ ਤੇ ਉਹ ਆਪਣਾ ਆਤਮਿਕ ਜੀਵਨ ਪੜਤਾਲ ਕੇ ਪਰਮਾਤਮਾ ਨੂੰ ਮਿਲ ਪੈਂਦਾ ਹੈ। ਸਦਾ ਥਿਰ ਰਹਿਣ ਵਾਲੇ ਪਰਮਾਤਮਾ ਦੀ ਸਿਫਤ ਸਾਲਾਹ ਦੀ ਬਾਣੀ ਦੀ ਬਰਕਤ ਨਾਲ ਉਸ ਨੂੰ ਪਰਮਾਤਮਾ ਦੇ ਚਰਨਾਂ ਵਿੱਚ ਥਾਂ ਮਿਲਦੀ ਹੈ। ਹੇ ਮੇਰੇ ਮਨ ਗੁਰੂ ਦੀ ਦੱਸੀ ਸੇਵਾ ਦੇ ਸਦਕਾ ਮਨੁੱਖ ਆਪਣੀਆਂ ਸਾਰੀਆਂ ਕੁੱਲਾਂ ਨੂੰ ਵੀ ਵਿਕਾਰਾਂ ਤੋਂ ਬਚਾ ਲੈਂਦਾ ਹੈ, ਉਹ ਪਰਮਾਤਮਾ ਦੇ ਪਵਿਤਰ ਨਾਮ ਨੂੰ ਹਿਰਦੇ ਵਿੱਚ ਟਿਕਾਈ ਰੱਖਦਾ ਹੈ ਤੇ ਸਦਾ ਥਿਰ ਰਹਿਣ ਵਾਲੇ ਪਰਮਾਤਮਾ ਦੇ ਦਰ ਉੱਪਰ ਸਦਾ ਟਿਕਵੀਂ ਵਡਿਆਈ ਪ੍ਰਾਪਤ ਕਰ ਲੈਂਦਾ ਹੈ।

**ਗੁਰ ਸੇਵਾ ਤੇ ਤ੍ਰਿਭਵਣ ਸੋਝੀ ਹੋਇ ॥ ਆਪੁ ਪਛਾਣਿ ਹਰਿ ਪਾਵੈ ਸੋਇ ॥ ਸਾਚੀ ਬਾਣੀ ਮਹਲੁ ਪਰਾਪਤਿ ਹੋਇ ॥੫॥ ਗੁਰ ਸੇਵਾ ਤੇ ਸਭ ਕੁਲ ਉਧਾਰੇ ॥ ਨਿਰਮਲ ਨਾਮੁ ਰਖੈ ਉਰਿ ਧਾਰੇ ॥ ਸਾਚੀ ਸੋਭਾ ਸਾਚਿ ਦੁਆਰੇ ॥੬॥** (ਅੰਗ-੪੨੩)

ਹੇ ਭਾਈ, ਗੁਰੂ ਦੀ ਦੱਸੀ ਸੇਵਾ ਭਗਤੀ ਦੀ ਬਰਕਤ ਨਾਲ ਹੀ ਪਾਰ ਉਤਾਰਾ ਹੁੰਦਾ ਹੈ, ਗੁਰੂ ਦੀ ਸ਼ਰਨ ਪੈ ਕੇ ਜਗਤ ਸੰਸਾਰ ਸਮੁੰਦਰ ਤੋਂ ਪਾਰ ਲੰਘਦਾ ਹੈ। ਗੁਰੂ ਦੀ ਰਾਹੀਂ ਸਦਾ ਥਿਰ ਪ੍ਰਭੂ ਦੇ ਨਾਮ ਵਿੱਚ ਰੰਗੇ ਹੋਏ ਮਨੁੱਖ ਮਾਇਆ ਦੇ ਮੋਹ ਤੋਂ ਨਿਰਲੇਪ ਹੋ ਜਾਂਦੇ ਹਨ ਅਤੇ ਮਾਇਆ ਦੇ ਮੋਹ ਤੋਂ ਖਲਾਸੀ ਦਾ ਦਰਵਾਜਾ ਲੱਭ ਲੈਂਦੇ ਹਨ।

**ਸਤਗੁਰ ਸੇਵਾ ਤੇ ਨਿਸਤਾਰਾ ਗੁਰਮੁਖਿ ਤਰੈ ਸੰਸਾਰਾ ॥**
**ਸਾਚੈ ਨਾਇ ਰਤੇ ਬੈਰਾਗੀ ਪਾਇਨਿ ਮੋਖ ਦੁਆਰਾ ॥੪॥** (ਅੰਗ-੫੫੯)

ਜਦੋਂ ਮਨੁੱਖ ਗੁਰੂ ਦੀ ਸ਼ਰਨ ਵਿੱਚ ਪੈ ਕੇ ਸੇਵਾ ਵਿੱਚ ਲੱਗ ਜਾਂਦਾ ਹੈ ਤਦ ਉਸ ਦੇ ਅੰਦਰ ਆਤਮਿਕ ਅਡੋਲਤਾ ਦੀ ਰੌ ਚਲ ਪੈਂਦੀ ਹੈ। ਮਨੁੱਖ ਉੱਚੀ ਆਤਮਿਕ ਅਵਸਥਾ ਤੇ ਉੱਚੀ ਮੱਤ ਹਾਸਲ ਕਰ ਲੈਂਦਾ ਹੈ। ਸਦਾ ਕਾਇਮ ਰਹਿਣ ਵਾਲਾ ਹਰਿ ਨਾਮ ਮਨੁੱਖ ਦੇ ਮਨ ਵਿੱਚ ਆ ਵਸਦਾ ਹੈ ਤੇ ਮਨੁੱਖ ਸਦਾ ਨਾਮ ਵਿੱਚ ਹੀ ਲੀਨ ਰਹਿੰਦਾ ਹੈ।

**ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ ਗਤਿ ਮਤਿ ਤਦ ਹੀ ਪਾਏ ॥**
**ਹਰਿ ਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ ॥੧॥** (ਅੰਗ-੬੦੪)

ਸਤਿਗੁਰੂ ਜੀ ਦੇ ਬਚਨ ਹਨ ਜੋ ਮਨੁੱਖ ਗੁਰੂ ਦੀ ਦੱਸੀ ਸੇਵਾ ਵਿੱਚ ਚਿੱਤ ਜੋੜਦਾ ਹੈ, ਉਸ ਦਾ ਜਗਤ ਵਿੱਚ ਆਉਣਾ ਸਫਲ ਹੋ ਜਾਂਦਾ ਹੈ।ਹੇ ਨਾਨਕ ! ਗੁਰੂ ਰਾਹੀਂ ਪਰਮਾਤਮਾ ਦਾ ਨਾਮ ਪ੍ਰਾਪਤ ਹੁੰਦਾ ਹੈ, ਗੁਰੂ ਦੇ ਸ਼ਬਦ ਦੀ ਬਰਕਤ ਨਾਲ ਪ੍ਰਭੂ ਨਾਲ ਮਿਲਾਪ ਹੋ ਜਾਂਦਾ ਹੈ :

**ਆਇਆ ਸੋ ਪਰਵਾਣੁ ਹੈ ਭਾਈ ਜਿ ਗੁਰ ਸੇਵਾ ਚਿਤੁ ਲਾਇ ॥**
**ਨਾਨਕ ਨਾਮੁ ਹਰਿ ਪਾਈਐ ਭਾਈ ਗੁਰ ਸਬਦੀ ਮੇਲਾਇ ॥੪॥** (ਅੰਗ-੬੦੨)

ਜਿਹੜੇ ਮਨੁੱਖ ਸਤਿਗੁਰੂ ਦੀ ਸ਼ਰਨ ਪੈਂਦੇ ਹਨ ਉਹ ਆਪਣੇ ਅੰਦਰੋਂ ਹਉਮੈਂ ਦੀ ਮੈਲ ਦੂਰ ਕਰਕੇ ਸੋਹਣੇ ਜੀਵਨ ਵਾਲੇ ਬਣ ਜਾਂਦੇ ਹਨ। ਉਹ ਗੁਰੂ ਦੇ ਸ਼ਬਦ ਦੇ ਰੰਗ ਵਿੱਚ ਰੰਗੇ ਜਾਂਦੇ ਹਨ ਅਤੇ ਪਵਿਤਰ ਜੀਵਨ ਵਾਲੇ ਹੋ ਜਾਂਦੇ ਹਨ। ਉਹ ਗੁਰੂ ਦੇ ਦੱਸੇ ਹੁਕਮ ਅਨੁਸਾਰ ਜੀਵਨ ਬਿਤਾਂਦੇ ਹਨ :

**ਸਤਿਗੁਰੁ ਸੇਵਨਿ ਸੋ ਸੋਹਣੇ ਹਉਮੈ ਮੈਲੁ ਗਵਾਇ ॥**
**ਸਬਦਿ ਰਤੇ ਸੇ ਨਿਰਮਲੇ ਚਲਹਿ ਸਤਿਗੁਰ ਭਾਇ ॥੭॥** (ਅੰਗ-੨੩੩)

ਜਿਸ ਮਨੁੱਖ ਨੇ ਗੁਰੂ ਦੀ ਸ਼ਰਨ ਪੈ ਕੇ ਪਰਮਾਤਮਾ ਦੇ ਨਾਮ ਨਾਲ ਸਾਂਝ ਪਾ ਲਈ, ਜਗਤ ਵਿੱਚ ਆ ਕੇ ਉਸਦਾ ਜੀਵਨ ਸਫਲ ਹੋ ਗਿਆ। ਪਰਮਾਤਮਾ ਦੇ ਨਾਮ ਦਾ ਸੁਆਦ ਚੱਖ ਕੇ ਉਸਦਾ ਮਨ ਸਦਾ ਲਈ ਤ੍ਰਿਪਤ ਹੋ ਜਾਂਦਾ ਹੈ, ਉਹ ਪਰਮਾਤਮਾ ਦੇ ਗੁਣ ਗਾਂਦਾ ਰਹਿੰਦਾ ਹੈ ਤੇ ਗੁਣਾਂ ਦੇ ਰਾਹੀਂ ਮਾਇਆ ਵਲੋਂ ਰੱਜ ਜਾਂਦਾ ਹੈ। ਉਸ ਦਾ ਹਿਰਦਾ ਕਮਲ ਖਿੜ ਕੇ ਸਦਾ ਪ੍ਰਭੂ ਦੇ ਪ੍ਰੇਮ ਰੰਗ ਵਿੱਚ ਰੰਗਿਆ ਰਹਿੰਦਾ ਹੈ। ਉਹ ਆਪਣੇ ਹਿਰਦੇ ਵਿੱਚ ਇੱਕ ਰਸ ਗੁਰੂ ਸ਼ਬਦ ਦਾ ਵਾਜਾ ਵਜਾਂਦਾ ਰਹਿੰਦਾ ਹੈ। ਪਵਿੱਤਰ ਬਾਣੀ ਦੀ ਬਰਕਤ ਨਾਲ ਉਸ ਦਾ ਮਨ ਪਵਿੱਤਰ ਹੋ ਜਾਂਦਾ ਹੈ। ਉਸ ਦਾ ਸਰੀਰ ਪਵਿੱਤਰ ਹੋ ਜਾਂਦਾ ਹੈ, ਉਹ ਸਦਾ ਥਿਰ ਪ੍ਰਭੂ ਵਿੱਚ ਲੀਨ ਰਹਿੰਦਾ ਹੈ :

**ਸਤਿਗੁਰੁ ਸੇਵਿ ਜਿਨਿ ਨਾਮੁ ਪਛਾਤਾ ਸਫਲ ਜਨਮੁ ਜਗਿ ਆਇਆ ॥ ਹਰਿ ਰਸੁ ਚਾਖਿ ਸਦਾ ਮਨੁ ਤ੍ਰਿਪਤਿਆ ਗੁਣ ਗਾਵੈ ਗੁਣੀ ਅਘਾਇਆ ॥ ਕਮਲੁ ਪ੍ਰਗਾਸਿ ਸਦਾ ਰੰਗਿ ਰਾਤਾ ਅਨਹਦ ਸਬਦੁ ਵਜਾਇਆ ॥ ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਚੇ ਸਚਿ ਸਮਾਇਆ ॥੩॥** (ਅੰਗ-੬੦੨)

ਇਸ ਲੇਖ ਨੂੰ ਅਸੀਂ ਸਤਿਗੁਰੂ ਅਮਰਦਾਸ ਜੀ ਦੇ ਇਨ੍ਹਾਂ ਬਚਨਾਂ ਨਾਲ ਸੰਕੋਚਦੇ ਹਾਂ :

**ਕਲਿਜੁਗ ਮਹਿ ਨਾਮੁ ਨਿਧਾਨੁ ਭਗਤੀ ਖਟਿਆ ਹਰਿ ਉਤਮ ਪਦੁ ਪਾਇਆ ॥ ਸਤਿਗੁਰ ਸੇਵਿ ਹਰਿ ਨਾਮੁ ਮਨਿ ਵਸਾਇਆ ਅਨਦਿਨੁ ਨਾਮੁ ਧਿਆਇਆ ॥ ਵਿਚੇ ਗ੍ਰਿਹ ਗੁਰ ਬਚਨਿ ਉਦਾਸੀ ਹਉਮੈ ਮੋਹੁ ਜਲਾਇਆ ॥ ਆਪਿ ਤਰਿਆ ਕੁਲ ਜਗਤੁ ਤਰਾਇਆ ਧੰਨੁ ਜਣੇਦੀ ਮਾਇਆ ॥** (ਅੰਗ-੫੧੩)

ਕਲਜੁੱਗ ਦੇ ਸਮੇਂ ਜਗਤ ਵਿੱਚ ਪਰਮਾਤਮਾ ਦਾ ਨਾਮ ਹੀ ਖਜਾਨਾ ਹੈ ਜਿਸ ਨੇ ਬੰਦਗੀ ਕਰ ਕੇ ਇਹ ਖਜਾਨਾ ਖੱਟ ਲਿਆ ਹੈ, ਉਸ ਨੇ ਪ੍ਰਭੂ ਦੇ ਮਿਲਾਪ ਦਾ ਉੱਚਾ ਦਰਜਾ ਪਾ ਲਿਆ ਹੈ। ਗੁਰੂ ਦੀ ਸੇਵਾ ਰਾਹੀਂ ਉਸ ਨੇ ਪ੍ਰਭੂ ਦੇ ਨਾਮ ਨੂੰ ਆਪਣੇ ਮਨ ਵਿੱਚ ਵਸਾਇਆ ਹੈ ਤੇ ਹਰ ਵੇਲੇ ਨਾਮ ਸਿਮਰਿਆ ਹੈ, ਉਹ ਗ੍ਰਿਹਸਤ ਵਿੱਚ ਹੀ ਉਦਾਸੀ ਹੈ ਕਿਉਂਕਿ ਉਸ ਨੇ ਮਾਇਆ ਦੇ ਮੋਹ ਜਾਲ (ਸਾੜ) ਦਿੱਤਾ ਹੈ ਤੇ ਸੰਸਾਰ ਸਮੁੰਦਰ ਵਿਚੋਂ ਤਰ ਗਿਆ ਹੈ। ਧੰਨ ਹੈ ਉਸ ਦੀ ਜੰਮਣ ਵਾਲੀ ਮਾਤਾ।

-0-0-0-

# ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ

**-ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ**

ਕਹਿਣ ਸੁਨਣ ਨੂੰ ਤਾਂ ਹੁਕਮ ਸ਼ਬਦ ਬੜਾ ਹੀ ਸਰਲ ਤੇ ਇਸ ਦੇ ਅਰਥ ਕਾਫੀ ਸਿੱਧੇ ਸਾਦੇ ਲੱਗਦੇ ਹਨ ਜਿਸਦਾ ਭਾਵ ਹੈ 'ਆਗਿਆ'। 'ਰਜ਼ਾ' ਵੀ ਹੁਕਮ ਦਾ ਦੂਜਾ ਰੂਪ ਹੀ ਹੈ ਅਤੇ ਇਸੇ ਤਰਾਂ 'ਭਾਣਾ' ਸ਼ਬਦ ਵੀ ਇਹ ਅਰਥ ਰੱਖਦਾ ਹੈ । ਹੁਕਮ, ਭਾਣਾ ਤੇ ਰਜ਼ਾ ਦੇ ਅਰਥਾਂ ਦੇ ਅੰਤ੍ਰੀਵ ਭਾਵ ਨੂੰ ਗਹੁ ਨਾਲ ਵੀਚਾਰੀਏ ਤਾਂ ਇਕੋ ਸਿਧਾਂਤ ਸਾਹਮਣੇ ਆਉਂਦਾ ਹੈ। ਕਹਿਣ ਸੁਨਣ ਤੋਂ ਉੱਪਰ ਉਠ ਕੇ ਹੁਕਮ ਦੇ ਸਿਧਾਂਤ ਦੀ ਡੂੰਘੀ ਸੋਚ ਨਾਲ ਘੋਖ ਕਰੀਏ ਤਾਂ ਪਤਾ ਚਲਦਾ ਹੈ ਕਿ ਜੀਵਨ ਦਾ ਸਾਰਾ ਰਾਜ ਹੀ ਇਨ੍ਹਾਂ ਸ਼ਬਦਾਂ ਦੇ ਅਮਲ ਵਿੱਚ ਸਮਾਇਆ ਹੋਇਆ ਹੈ। ਰੱਬ ਦਾ ਹੁਕਮ (Order) ਸਮਝਣਾ, ਉਸ ਦੀ ਆਗਿਆ (ਰਜ਼ਾ) ਵਿਚ ਰਹਿਣਾ ਅਤੇ ਇਸ ਹੁਕਮ ਨੂੰ ਸੱਚਾ ਮੰਨ ਕੇ ਭਾਣਾ ਮੰਨ ਲੈਣਾ, ਕਰਤਾਰ ਦੀ ਇੱਛਾ, ਮਰਜ਼ੀ ਵਿੱਚ ਜੀਵਨ ਗੁਜ਼ਾਰਨ ਦੀ ਭਾਵਨਾ ਨੂੰ ਅੰਗੀਕਾਰ ਕਰਨਾ ਸੁੱਖਾਂ ਦੀ ਪ੍ਰਾਪਤੀ ਦਾ ਸਾਧਨ ਹੈ। ''ਭਾਣਾ ਮੰਨੇ, ਸੋ ਸੁਖ ਪਾਏ'' ਦੇ ਮਹਾਂ ਵਾਕ ਅਨੁਸਾਰ ਹੀ ਜੀਵਨ ਸੁਖਾਵਾਂ ਰਹਿ ਸਕਦਾ ਹੈ ।

**ਹੁਕਮੇ ਅੰਦਰ ਸਭ ਕੋ** :- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਬਾਰ ਬਾਰ, ਥਾਂ ਥਾਂ ਤੇ ਹੋਕਾ ਦਿੰਦੀ ਹੈ ਕਿ ਭਾਈ ਜੋ ਕੁਝ ਸੰਸਾਰ, ਬ੍ਰਹਮੰਡ ਵਿਚ ਵਰਤ ਰਿਹਾ ਹੈ, ਸਭ ਕੁਝ ਉਸ ਪ੍ਰਭੂ ਦੇ ਹੁਕਮ ਅੰਦਰ ਹੈ। ਇਹ ਦਿਨ-ਰਾਤ, ਰੁੱਤਾਂ ਗਰਮੀ, ਸਰਦੀ, ਥਿਤਾਂ, ਚੰਦ-ਸੂਰਜ ਅਤੇ ਸਿਤਾਰਿਆਂ ਦੀਆਂ ਕਿਰਿਆਵਾਂ, ਸੂਰਜ ਦੀ ਤਪਸ਼ ਤੇ ਚੰਦ ਦੀ ਠੰਡਕ ਸਭ ਉਸਦੇ ਹੁਕਮ ਦੀ ਖੇਡ ਹੈ। **'ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥'** ਜੰਮਣ-ਮਰਨਾ, ਇਨਸਾਨ ਦੀ ਨਿੱਤ ਕਿਰਿਆ, ਧਰਤੀ ਦਾ ਮਨੁੱਖਤਾ ਲਈ ਮਾਂ ਦਾ ਰੋਲ ਅਦਾ ਕਰਨਾ ਤੇ ਦਿਨ ਰਾਤ ਦਾ ਇਸਨਾਨ ਨੂੰ ਦਾਈ-ਮਾਂ ਵਾਂਗੂ ਖਿਡਾਉਣਾ, ਉਸਦੀ ਆਗਿਆ ਦੇ ਕ੍ਰਿਸ਼ਮੇ ਹੀ ਹਨ ।

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥**
**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥** (ਜਪੁਜੀ)

ਹੁਕਮ ਅੰਦਰ ਹੀ ਮਨੁੱਖਾਂ ਦੇ ਸਰੀਰ ਬਣਦੇ ਹਨ। ਹੁਕਮ ਨਾਲ ਹੀ ਜੀਵ ਜੰਤੂ ਪੈਦਾ ਹੁੰਦੇ ਹਨ। ਹੁਕਮ ਦੀ ਹੀ ਖੇਡ ਹੈ ਕਿ ਮਨੁੱਖ ਨੂੰ ਵਡਿਆਈਆਂ ਨਸੀਬ ਹੁੰਦੀਆਂ ਹਨ ਤੇ ਇਸ ਹੁਕਮ ਦੇ ਅੰਦਰ ਹੀ ਮਨੁੱਖ ਦੁੱਖ ਸੁੱਖ ਭੋਗਦਾ ਹੈ। ਕਈਆਂ ਤੇ ਬਖਸ਼ਿਸ਼ ਹੋ ਜਾਂਦੀ ਹੈ ਕਿ ਉਹ ਜੰਮਣ-ਮਰਣ ਦੇ ਗੇੜ 'ਚੋਂ ਬਚ ਜਾਂਦੇ ਹਨ ਅਤੇ ਕਈ ਆਵਾਗਉਣ ਦੇ ਚੱਕਰ ਵਿਚ ਭੌਂਦੇ ਰਹਿੰਦੇ ਹਨ।

ਹੁਕਮ ਦੀ ਸਮਝ ਆ ਜਾਣੀ ਤੇ ਉਸ ਸਮਝ ਦੇ ਅਨੁਸਾਰ ਹੁਕਮੀ ਬੰਦਾ ਬਣ ਕੇ ਮਨੁੱਖ ਅਪਣੀ 'ਮੈਂ' ਨੂੰ ਛੱਡਦਾ ਹੈ। ਐਵੇਂ ਨਹੀਂ ਛੱਡਦਾ। ਜਦੋਂ ਗਿਆਨ ਹੋ ਜਾਂਦਾ ਹੈ ਕਿ ਸਾਡਾ ਆਪਣਾ ਕੀਤਾ ਤਾਂ ਕੁਝ ਨਹੀਂ ਹੋਂਵਦਾ, ਨਾ ਹੀ ਹੋ ਸਕਦਾ ਹੈ ਤੇ ਨਾ ਹੀ ਹੋਵੇਗਾ। ਸਾਨੂੰ ਤੇ ਸਾਰੇ ਬ੍ਰਹਮੰਡ ਨੂੰ ਚਲਾਉਣ ਵਾਲਾ 'ਕਰਤਾ ਪੁਰਖ' ਤਾਂ ਹੋਰ ਹੀ ਹੈ। ਦੁੱਖ-ਸੁੱਖ ਦੇਣ ਵਾਲਾ ਤਾਂ ਕਰਤਾਰ ਹੈ। ਹਰ ਰੋਜ਼ ਜੋ ਕੁਝ ਅਸੀਂ ਕਰਦੇ ਹਾਂ ਜਾਂ ਜੋ ਕੁਝ ਸਾਡੇ ਨਾਲ ਵਾਪਰਦਾ ਹੈ, ਉਹ ਸਾਡੇ ਵੱਸ ਦੀ ਗੱਲ ਨਹੀ ਹੈ। ਬਲਕਿ :

**ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ ॥**
**ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ ॥** (ਵਾਰ ਗੁਜਰੀ ਮ:੫)

ਜੇਕਰ ਅਸੀਂ ਘਰੋਂ ਸਲਾਹ ਬਣਾ ਕੇ ਪੱਛਮ ਵੱਲ ਨੂੰ ਜਾਣ ਦੀ ਤਿਆਰੀ ਕਰਕੇ ਚੱਲਦੇ ਹਾਂ। ਘਰੋਂ ਤਾਂ ਤੁਰ ਪੈਂਦੇ ਹਾਂ ਪਰ ਕਈ ਵਾਰੀ ਅਜਿਹਾ ਭਾਣਾ ਵਰਤਦਾ ਹੈ ਕਿ ਅਸੀ ਪੱਛਮ ਦੀ ਥਾਂ ਪੂਰਬ ਵੱਲ ਨੂੰ ਕਿਸੇ ਵਿਸ਼ੇਸ਼ ਤੇ ਅਚਨਚੇਤੀ ਕਾਰਨ ਕਰਕੇ ਚਲੇ ਜਾਂਦੇ ਹਾਂ। ਜ਼ਰਾ ਸੋਚੋ ਕੀ ਇਹ ਸਾਡੇ ਵੱਸ ਦੀ ਗੱਲ ਹੈ। ਆਪਾਂ ਲੋਕਾਂ ਨੂੰ ਇਹ ਆਮ ਕਹਿੰਦੇ ਸੁਣਿਆ ਹੈ ਕਿ ਤਿਆਰ ਤਾਂ ਫਲਾਣੀ ਜਗ੍ਹਾ ਜਾਣ ਲਈ ਹੋਏ ਸਾਂ ਪਰ ਦਰਵਾਜਾ ਬੰਦ ਹੀ ਕਰਨ ਲੱਗੇ ਸਾਂ ਕਿ ਫਲਾਣਾ ਆ ਗਿਆ ਤੇ ਫੇਰ ਉਸ ਦੇ ਨਾਲ ਹੀ ਜਾਣਾ ਪਿਆ। ਤੁਰੇ ਤਾਂ ਦਿੱਲੀ ਨੂੰ ਸੀਗੇ ਅੰਮ੍ਰਿਤਸਰ ਕਿਵੇਂ ਪਹੁੰਚ ਗਏ। ਤੁਰੇ ਤਾਂ ਚੰਡੀਗੜ੍ਹ ਤੋਂ ਚੰਡੀਮੰਦਰ ਲਈ ਸਾਂ ਪਰ ਪਹੁੰਚ ਗਏ ਖਰੜ, ਅਜੀਬ ਹੈ। ਕਿਸੇ ਵੇਲੇ ਕੀ ਕਰਨਾ ਹੈ ਜਾਂ ਹੋਣਾ ਹੈ, ਗੁਰਬਾਣੀ ਦੇ ਮੁਤਾਬਿਕ ਉਹ ਸਭ ਕੁਝ ਨਿਸ਼ਚਿਤ ਹੈ । ਪਹਿਲਾਂ ਤੋਂ ਹੀ ਨੀਯਤ ਕੀਤਾ ਹੋਇਆ ਹੈ। ਸਾਡੀ ਕੋਈ ਸਿਆਣਪ ਜਾਂ ਚਤੁਰਾਈ ਉੱਥੇ ਕੰਮ ਨਹੀਂ ਆਉਂਦੀ :-

**ਸਿਆਨਪ ਕਾਹੂ ਕਾਮਿ ਨ ਆਤ ॥**
**ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ ॥੧॥** (ਗੁਜਰੀ ਮ:੫)

ਬਾਤ ਉਹੀ ਹੋਣੀ ਹੈ, ਜੋ ਵਾਹਿਗੁਰੂ ਦੀ ਮਰਜ਼ੀ ਵਿੱਚ ਹੈ ਭਾਵੇਂ ਅਸੀਂ ਕਿੰਨੇ ਹੀ ਉਪਾਵ ਕਰਦੇ ਫਿਰੀਏ, ਕਿੰਨੀਆਂ ਹੀ ਸਿਆਣਪਾਂ ਲੜਾਈਏ, ਕਿੰਨਾਂ ਕੁਝ ਹੀ ਮਨ ਵਿੱਚ ਚਿਤਵਦੇ ਰਹੀਏ। ਜੋ ਪ੍ਰਮਾਤਮਾ ਨੇ ਨੀਯਤ ਕੀਤਾ ਹੋਇਆ ਉਹ ਅਵੱਸ਼ ਹੋ ਕੇ ਰਹਿਣਾ ਹੈ :

**ਅਨਿਕ ਉਪਾਵ ਚਿਤਵੀਅਹਿ ਬਹੁਤੇਰੇ ਸਾ ਹੋਵੈ ਜਿ ਬਾਤ ਹੋਵੈਨੀ ॥**
**ਅਪਨਾ ਭਲਾ ਸਭੁ ਕੋਈ ਬਾਛੈ ਸੋ ਕਰੇ ਜਿ ਮੇਰੈ ਚਿਤਿ ਨ ਚਿਤੈਨੀ ॥੨॥**
(ਬਿਲਾਵਲ ਮ:੫)

ਜੋ ਗੱਲ ਮੇਰੇ ਚਿੱਤ ਚੇਤੇ ਵੀ ਨਹੀਂ ਸੀ, ਉਹੋ ਹੋ ਗਈ। ਉਹ ਹੋ ਜਾਂਦੀ ਹੈ। ਹਰ ਕੋਈ ਅਪਣਾ ਭਲਾ ਹੀ ਭਲਾ ਲੋਚਦਾ ਹੈ। ਅਪਣੀਆਂ ਖੁਸ਼ੀਆਂ ਵਾਸਤੇ ਬਥੇਰੇ ਉਪਾਵ ਕਰਦਾ ਹੈ, ਹੱਥ ਪੈਰ ਮਾਰਦਾ ਹੈ ਪਰ ਹੋਣਾ ਉਹੋ ਕੁਝ ਹੈ ਜੋ ਉਸ ਸੱਚੇ ਪਾਤਸ਼ਾਹ ਨੂੰ ਮਨਜੂਰ ਹੈ। ਜੋ

ਉਸ ਦਾ ਹੁਕਮ ਹੈ ਉਹੋ ਹੀ ਵਰਤਦਾ ਹੈ। ਸੰਸਾਰ ਦੇ ਅੰਦਰ ਆਉਣਾ ਜਾਣਾ ਵੀ ਉਸ ਦੇ ਹੁਕਮ ਦੇ ਵਿਚ ਹੈ। ਮਹਾਰਾਜ ਇਹ ਵੀ ਉਪਦੇਸ਼ ਦਿੰਦੇ ਹਨ ਕਿ ਨਾ ਕੋਈ ਮਰਦਾ ਹੈ ਅਤੇ ਨਾ ਕੋਈ ਬਿਨਸਦਾ ਹੈ। ਜੀਵ-ਆਤਮਾ ਤਾਂ ਅਮਰ ਹੈ, ਹਮੇਸ਼ਾਂ ਹੀ ਰਹਿੰਦੀ ਹੈ:-

**ਇਹੁ ਤਉ ਰਚਨੁ ਰਚਿਆ ਕਰਤਾਰਿ ॥ ਆਵਤ ਜਾਵਤ ਹੁਕਮਿ ਅਪਾਰਿ ॥**
**ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥**(ਅੰਗ-੮੮੫)

ਆਉਣਾ-ਜਾਣਾ ਬਣਿਆ ਰਹਿੰਦਾ ਹੈ ਅਤੇ ਉਹ ਵਾਹਿਗੁਰੂ ਦੇ ਹੁਕਮ 'ਚ ਚੱਲਦਾ ਹੈ। ਇਹ ਉਸ ਕਰਤੇ ਦੀ ਰਚਨਾ ਹੈ। ਖੇਡ-ਤਮਾਸ਼ਾ ਹੈ। ਰਿਸ਼ਤੇਦਾਰ-ਸਬੰਧੀ ਪਿਛਲੇ ਜਨਮ ਦੇ ਸੰਜੋਗਾਂ ਨਾਲ ਮਿਲਦੇ ਹਨ ਅਤੇ ਸੰਜੋਗੀਆਂ ਨਾਲ ਮਿਲਕੇ ਦੁੱਖ ਸੁੱਖ ਭੋਗਣਾ ਪੈਂਦਾ ਹੈ। ਇਹ ਸਭ ਕੁਝ ਇੱਕ ਲੇਖੇ ਵਿੱਚ ਹੁੰਦਾ ਹੈ, "**ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥**" ਸਾਰਾ ਚੱਕਰ ਬ੍ਰਿਹੋਂ ਅਤੇ ਮਿਲਾਪ ਦਾ ਚਲ ਰਿਹਾ ਹੈ। ਕੋਈ ਜੁੜ ਗਿਆ ਕੋਈ ਟੁੱਟ ਗਿਆ।

**ਬੁਰਾ ਨਹੀ ਸਭ ਭਲਾ ਹੀ ਹੈ ਰੇ !** : ਇਹ ਹੁਕਮ ਦੀ ਖੇਡ ਐਸੀ ਹੈ ਕਿ ਜੋ ਉਸਨੂੰ ਭਾਂਵਦਾ ਹੈ, ਚੰਗਾ ਲੱਗਦਾ ਹੈ, ਸੋਈ ਕਰਦਾ ਹੈ ਅਤੇ ਕਰਦਾ ਵੀ ਭਲੀ ਹੀ ਹੈ। ਇਹ ਸਾਡੇ ਭੁਲੇਖੇ ਹਨ ਕਿ ਸਾਡੇ ਲਈ ਬੁਰਾ ਹੋ ਗਿਆ। ਮਹਾਰਾਜ ਆਖਦੇ ਹਨ ਕਿ ਬੁਰਾ ਕੁਝ ਨਹੀਂ, ਭਲਾ ਹੀ ਭਲਾ ਹੈ। ਇਨਸਾਨ ਸੋਚਦਾ ਹੈ ਕਿ ਮੈਂ ਹਾਰ ਗਿਆ ਪਰ ਮਹਾਰਾਜ ਹਾਰ ਨੂੰ ਵੀ ਜਿੱਤ ਹੀ ਆਖਦੇ ਹਨ। ਸਭ ਜਿੱਤ ਹੀ ਜਿੱਤ ਹੈ। ਜੋ ਉਹ ਕਰਦਾ ਹੈ ਭਲਾ ਕਰਕੇ ਮੰਨਣ ਵਿਚ ਹੀ ਸਾਡੀ ਭਲਾਈ ਹੈ।

**ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥** (ਜਪੁਜੀ)

ਗੁਰਸਿੱਖ ਉਸਦੇ ਭਾਣੇ ਨੂੰ ਅਟੱਲ ਸਮਝ ਕੇ ਉਸ ਦੇ ਅੱਗੇ ਸਿਰ ਝੁਕਾਉਂਦਾ ਹੈ। ਉਸ ਦਾ ਭਾਣਾ ਅਟੱਲ ਹੈ, ਅਮਰ ਹੈ, ਅਮਿੱਟ ਹੈ, ਹਮੇਸ਼ਾ ਹੈ ਅਤੇ ਨਿੱਤਯ ਹੈ। ਜੁਗਾਂ ਜੁਗਾਂਤਰੋਂ ਤੋਂ ਹੈ ਵੀ ਸੱਚਾ :

**ਜੋ ਤੁਧੁ ਭਾਵੈ ਸੋ ਭਲਾ ਪਿਆਰੇ ਤੇਰੀ ਅਮਰੁ ਰਜਾਇ ॥** (ਅੰਗ-੪੩੨)

ਅਜੇਹੇ ਸੱਚੇ ਫੁਰਮਾਣਾ ਨੂੰ ਮੰਨ ਕੇ ਹੀ ਸਚਿਆਰ ਹੋਈਦਾ ਹੈ ਜ਼ਰਾ ਸੋਚ ਕਿ ਦੁਨੀਆਵੀ ਤੌਰ ਤੇ ਕਿਸੇ ਮਨਿਸਟ੍ਰੀ ਲੈਵਲ ਤੋਂ ਹੁਕਮ (Orders) ਆ ਜਾਵੇ, ਕੀ ਅਧਿਕਾਰੀਆਂ (Officers) ਸਹਾਇਕ ਕਰਮਚਾਰੀ (Subordinates) ਤੋਂ ਲੈ ਕੇ ਸੇਵਾਦਾਰਾਂ ਤਕ ਕਿਸੇ ਦੀ ਮਜਾਲ ਹੋ ਸਕਦੀ ਹੈ ਕਿ ਇਸ ਦੀ ਹੁਕਮ-ਅਦੂਲੀ ਕਰੋ। ਕੀ ਕੋਈ ਹੁਕਮ ਅਦੂਲੀ ਕਰ ਸਕਦਾ ਹੈ? ਨਹੀਂ ! ਜੇਕਰ ਹੁਕਮ ਦੀ ਪਾਲਣਾ ਨਹੀਂ ਕਰਨਗੇ ਤਾਂ ਇਸ ਦਾ ਕੀ ਹਸ਼ਰ ਹੋਵੇਗਾ ਇਹ ਸਭ ਨੂੰ ਪਤਾ ਹੈ। ਕੁਦਰਤੀ ਹੁਕਮ ਤਾਂ ਫੇਰ ਕਿਸੇ

ਮਨਿਸਟਰ ਜਾਂ ਬਾਦਸ਼ਾਹ ਦਾ ਨਹੀਂ ਇਹ ਤਾਂ ਸੱਚੇ ਪਾਤਸ਼ਾਹ ਸਿਰਜਨ ਹਾਰ ਤੇ ਸਰਬ-ਪ੍ਰਿਤਪਾਲਕ ਦਾ ਹੁਕਮ ਹੁੰਦਾ ਹੈ। ਇਸ ਹੁਕਮ ਦੀ ਕਿਸੇ ਹੀਲ-ਹੁੱਜਤ ਤੋਂ ਬਿਨਾਂ ਨਖਰੇ ਜਾਂ ਵਿਰੋਧਤਾ ਨਾ ਕਰਦੇ ਹੋਏ ਖਿੜੇ ਮੱਥੇ ਝੱਲਦੇ ਹੋਏ ਤਾਮੀਲ ਕਰੀਏ ਤਦ ਹੀ ਉਸ ਦੀ ਦਰਗਾਹ ਵਿੱਚ ਪਰਵਾਨ ਹੋਈਦਾ ਹੈ। ਹੁਕਮ ਤੋਂ ਮੁਨਕਰ ਹੋ ਕੇ ਧੱਕੇ ਹੀ ਮਿਲਦੇ ਹਨ ਅਤੇ ਉਸ ਦੀ ਬਖਸ਼ਿਸ਼ ਦੇ ਪਾਤਰ ਨਹੀਂ ਬਣ ਸਕਦੇ।

**ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥**
**ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥**
**ਤਾ ਦਰਗਹ ਪੈਧਾ ਜਾਇਸੀ ॥੧੫॥** (ਅੰਗ-੪੭੧)

ਜੇਕਰ ਉਸਦੇ ਕੀਤੇ ਨੂੰ ਬੁਰਾ ਆਖਾਂਗੇ ਤਾਂ ਮਹਾਰਾਜ ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ ਤੁਸੀਂ ਗਾਵਾਰ ਹੋ। ਮੂਰਖਾਂ ਦੇ ਮੂਰਖ ਹੋ। ਪ੍ਰਭੂ ਦੀ ਕਰੀ ਕਤਰੀ ਨੂੰ ਨਾ ਨਿੰਦੀਏ, ਸਿਰ ਮੱਥੇ ਤੇ ਮੰਨੀਏ। ਇਸ ਨੂੰ ਕਬੂਲ ਕਰਨ ਵਿੱਚ ਹੀ ਭਲਾ ਹੈ। "**ਜੇ ਕੋ ਆਖੈ ਬੋਲੁਵਿਗਾੜੁ ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥**" ਤਾਂ ਤੇ ਉਸ ਅੱਗੇ ਸੁਆਲ-ਜੁਆਬ ਵੀ ਨਹੀਂ ਹੋ ਸਕਦੇ । ਉਸ ਨੂੰ ਅਸੀਂ ਕੋਈ ਹੁਕਮ ਵੀ ਨਹੀਂ ਦੇ ਸਕਦੇ। "**ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥**" ਅਤੇ "**ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥**" ਕਿਉਂਜੁ ਉਹ ਸੱਚਾ ਸਾਈਂ ਹੈ। ਦਿਆਲ ਹੈ ਕ੍ਰਿਪਾਲੂ ਹੈ। ਸਦਾ ਅੰਗ ਸੰਗ ਹੈ ਉਸ ਦਾ ਹੁਕਮ ਸਦਾ ਸੱਚਾ ਹੀ ਹੁੰਦਾ ਹੈ ਕਿਉਂਕਿ ਉਹ ਸਾਨੂੰ ਮਾਤਾ-ਪਿਤਾ ਦੀ ਤਰਾਂ ਪਾਲਦਾ-ਪੋਸ਼ਦਾ ਹੈ। ਆਗਿਆਕਾਰ ਪੁੱਤਰਾਂ ਨੂੰ ਹੀ ਨਹੀਂ ਬਲਕਿ ਅਕ੍ਰਿਤਘਣਾ ਨੂੰ ਵੀ ਪਾਲਦਾ ਹੈ। ਕਿਸੇ ਨੂੰ ਲੈ ਜਾਣ ਲਈ ਫੁਰਮਾਣ ਭੇਜਦਾ ਹੈ, ਉਹ ਝੂਠਾ ਨਹੀਂ ਹੁੰਦਾ। ਉਸਦੇ ਕੰਮ ਸਦਾ ਨਿਰਮਲ ਹਨ ਅਤੇ ਬਖਸ਼ਿਸ਼ ਸੱਚੀ ਹੈ। ਕਰਮ ਸੱਚੇ ਹਨ, ਸੱਚੇ ਪਾਤਸ਼ਾਹ ਦੀ ਕੁਦਰਤ ਸੱਚੀ ਹੈ। ਲੱਖਾ ਕਰੋੜਾਂ ਜੀਵ ਸੱਚਾ ਆਖਕੇ ਉਸ ਦੇ ਗੁਣ ਗਾਉਂਦੇ ਹਨ ! ਲੱਖਾਂ ਕਰੋੜਾ ਨੂੰ ਸੱਚਾ ਮਾਣ ਤੇ ਤਾਣ ਦਿੰਦਾ ਹੈ। ਇਸ ਸੰਸਾਰ ਵਿਚ ਕਿਸੇ ਨੂੰ ਭੇਜਦਾ ਹੈ ਅਤੇ ਕਿਸੇ ਨੂੰ ਵਾਪਿਸ ਲੈ ਜਾਂਦਾ ਹੈ। ਸਭ ਸੱਚੋ ਸੱਚ ਹੈ।

**ਸਚਾ ਤੇਰਾ ਅਮਰੁ ਸਚਾ ਦੀਬਾਣੁ ॥ ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥**
**ਸਚਾ ਤੇਰਾ ਕਰਮੁ ਸਚਾ ਨੀਸਾਣੁ ॥** (ਅੰਗ-੪੬੩)

**ਕੂੜ ਦੀ ਕੰਧ** : ਆਸਾ ਦੀ ਵਾਰ ਵਿਚ ਸ੍ਰੀ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ ਅਸੀਂ ਹੁਕਮ ਦੇ ਸੱਚ ਨੂੰ ਛੱਡ ਕੇ, ਸਤਿ ਕੀ ਹੈ, ਦੀ ਸੋਝੀ ਨਾ ਹੋਣ ਕਰਕੇ, ਕੂੜੀ ਦੁਨੀਆਂ ਵਿਚ ਗਲਤਾਨ ਹੋਏ ਰਹਿੰਦੇ ਹਾਂ। ਉਹ ਆਖਦੇ ਹਨ ਕਿ ਇੱਕ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਸਭ ਕੂੜ ਹੀ ਕੂੜ੍ਹ ਹੈ। ਇਹ ਜੋ ਵੀ ਕੁਝ ਸਾਨੂੰ ਨਜ਼ਰ ਆ ਰਿਹਾ ਹੈ ਸਭ ਝੂਠ ਦਾ ਪਸਾਰਾ ਹੈ। ਇਸ ਸੰਸਾਰ ਦੇ ਰਾਜੇ-ਮਹਾਰਾਜੇ, ਪਰਜਾ, ਮਹਿਲ-ਮਾੜੀਆਂ, ਬਾਗ-ਬਗੀਚੇ,

ਵੱਡੀਆਂ-ਵੱਡੀਆਂ ਕੋਠੀਆਂ, ਬਿਲਡਿੰਗਾਂ ਅਤੇ ਇਨ੍ਹਾਂ ਬਿਲਡਿੰਗਾਂ ਵਿਚ ਰਹਿਣ ਵਾਲੇ ਸਭ ਸਰੀਰ ਝੂਠੇ ਹਨ, ਭਾਵ ਨਾਸ਼ਵਾਨ ਹਨ ਸਦਾ ਰਹਿਣ ਵਾਲੇ ਨਹੀਂ। ਸੋਨਾ-ਚਾਂਦੀ, ਸੁੰਦਰ ਕਪੜੇ ਬਸਤਰ ਆਦਿ ਜੋ ਅਸੀਂ ਪਹਿਨਦੇ ਹਾਂ ਜਾਂ ਪਹਿਨਣਾ ਚਾਹੁੰਦੇ ਹਾਂ, ਸਭ ਬੇ-ਅਰਥ ਹਨ। ਰੂਪ ਜਿਸ ਤੇ ਬੰਦਾ ਹਮੇਸ਼ਾ ਹੀ ਮਸਤ ਹੋਇਆ ਰਹਿੰਦਾ ਹੈ ਅਤੇ ਜੋ ਇਹ ਸੋਹਣਾ-ਸੋਹਣਾ ਗੰਢਵਾਂ ਸਰੀਰ ਹੈ ਇਹ ਵੀ ਅਸਥਾਈ ਹੈ, ਚਿਰ ਸਥਾਈ ਨਹੀਂ ਹੈ। ਪਤੀ-ਪਤਨੀ ਸਭ ਕੁਝ ਦਿਨਾਂ ਦਾ ਹੀ ਝਲਕਾਰਾ ਹਨ। ਇਹ ਜੱਗ ਧੂੰਏ ਦੇ ਪਹਾੜ ਵਾਂਗੂ ਹੈ। ਹਾਥੀਆਂ-ਘੋੜਿਆਂ, ਕਾਰਾਂ ਗੱਡੀਆਂ ਦੀਆਂ ਮਾਲਕੀਆਂ, ਉੱਚੀਆਂ ਸਰਦਾਰੀਆਂ, ਰਾਜ ਸੱਤਾ ਆਦਿ ਸਭ ਫੋਕੇ ਹਨ। ਕੋਈ ਸਾਡਾ ਪਿਆਰਾ ਜਦੋਂ ਇਸ ਸੰਸਾਰ ਤੋਂ ਕੂਚ ਕਰ ਜਾਂਦਾ ਹੈ, ਸਾਡੇ ਨਾਲੋਂ ਸਬੰਧ ਤੋੜ ਕੇ ਚਲਾ ਜਾਂਦਾ ਹੈ ਤਾਂ ਬੰਦਾ ਬਹੁਤ ਹੀ ਖਪਦਾ ਹੈ, ਪਰ ਹੱਥ ਪੱਲੇ ਕੁਝ ਨਹੀਂ ਪੈ ਸਕਦਾ। ਸੱਚਾਈ ਤਾਂ ਇਹ ਹੈ ਕਿ ਇਸ ਸ਼ਰੀਰ ਵਿਚੋਂ ਇਕ ਦਿਨ ਜੀਵ-ਆਤਮਾ ਨੇ ਜਰੂਰ ਹੀ ਨਿਕਲਣਾ ਹੈ। ਇਹ ਸ਼ਰੀਰ ਨਸ਼ਟ ਹੋਣਾ ਹੀ ਹੋਣਾ ਹੈ। ਮਹਾਰਾਜ ਫਰਮਾਉਂਦੇ ਹਨ ਕਿ ਅਸੀਂ ਵੀ ਝੂਠੇ (ਕੂੜੇ) ਹੁੰਦੇ ਹੋਏ ਇਨ੍ਹਾਂ ਕੂੜੀਆ ਚੀਜਾਂ ਨਾਲ ਐਨਾ ਮੋਹ ਵਧਾ ਲੈਂਦੇ ਹਾਂ ਕਿ ਸੱਚਾਈ ਨੂੰ ਹੀ ਭੁੱਲ ਜਾਂਦੇ ਹਾਂ ਅਤੇ ਦੁਖੀ ਹੁੰਦੇ ਹਾਂ। ਦੋਸਤੀ ਉਸ ਚੀਜ਼ ਨਾਲ ਕਰਨੀ ਬਣਦੀ ਹੈ ਜੋ ਸੱਚੀ ਹੋਵੇ, ਸਥਾਈ ਹੋਵੇ।

**ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥** (ਅੰਗ-੪੬੮)

ਪਰ ਐਥੇ ਤਾਂ ਕੁਝ ਵੀ ਸਥਾਈ ਨਹੀਂ। ਫੇਰ ਵੀ ਇਹ ਝੂਠ ਦਾ ਪਸਾਰਾ ਐਨਾ ਮਿੱਠਾ ਹੈ ਕਿ ਇਹ ਮਿੱਠਾ ਬਣ ਕੇ ਇਨਸਾਨਾਂ ਦੇ ਪੂਰਾਂ ਦੇ ਪੂਰ ਡੋਬ ਰਿਹਾ ਹੈ ।

ਆਵਾਗਵਨ ਦਾ ਚੱਕਰ ਬੜੇ ਜ਼ੋਰਾਂ ਤੇ ਸ਼ੋਰਾਂ ਨਾਲ ਚਲ ਰਿਹਾ ਹੈ ਗੁਰੂ ਸਾਹਿਬ ਇਸ ਤਰਾਂ ਸਮਝਾਉਂਦੇ ਹਨ ਕਿ ਭਾਈ ! ਇਸ ਤਰਾਂ ਨਾਲ ਕੂੜ ਦੀ (ਅਗਿਆਨਤਾ) ਦੀ ਇਕ ਬੜੀ ਹੀ ਧੁੰਧਲੀ ਕੰਧ ਹੈ ਜੋ ਸਾਨੂੰ ਸੱਚ ਦੀ ਪਛਾਣ ਨਹੀਂ ਹੋਣ ਦਿੰਦੀ। ਹੁਕਮ ਦੀ ਸੋਝੀ ਤੋਂ ਦੂਰ ਰੱਖਦੀ ਹੈ ਅਤੇ ਅਸੀਂ ਜੋ ਕੰਮ ਇਸ ਸੰਸਾਰ ਵਿਚ ਕਰਨ ਲਈ ਆਏ ਹਾਂ:

**ਭਈ ਪਰਾਪਤਿ ਮਾਨੁਖ ਦੇਹੁਰੀਆ ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥** (ਅੰਗ-੧੨)

ਆਖਿਰ ਉਸ ਤੋਂ ਸੱਖਣੇ ਹੀ ਅਪਣਾ ਜੀਵਨ ਨਸ਼ਟ ਕਰਕੇ ਤੁਰ ਜਾਂਦੇ ਹਾਂ ਤੇ ਚੌਰਾਸੀ ਦੇ ਗੇੜ ਵਿਚ ਫੇਰ ਪੈ ਜਾਂਦੇ ਹਾਂ ।

ਕੰਧ ਕਿਵੇਂ ਟੁੱਟੇ ? : **ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥**

ਇਹ ਇੱਕ ਮਹੱਤਵ ਪੂਰਨ ਪ੍ਰਸ਼ਨ ਜੋ ਸਾਡੇ ਜੀਵਨ ਨਾਲ ਗੂੜ੍ਹਾ ਸਬੰਧ ਰੱਖਦਾ ਹੈ ਅਤੇ ਜੋ ਜੀਵਨ ਦੇ ਰਾਜ ਦੀ ਘੁੰਡੀ ਨੂੰ ਖੋਲ੍ਹਦਾ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਦੀ ਬਾਣੀ ਵਿੱਚ ਕੀਤਾ ਹੈ ਅਤੇ ਇਸੇ ਪ੍ਰਸ਼ਨ ਦੇ ਉੱਤਰ ਵਿੱਚ ਜਪੁਜੀ ਉਚਾਰਨ ਕੀਤੀ ਹੈ। ਇੱਕ

ਪ੍ਰਸ਼ਨ ਹੋਰ ਹੈ ਕਿ "**ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥**" ਇਨ੍ਹਾਂ ਦੋਹਾਂ ਪ੍ਰਸ਼ਨਾਂ ਨੂੰ ਹੱਲ ਕਰਨ ਲਈ ਮਹਾਰਾਜ ਨੇ ਜਪੁਜੀ ਉਚਾਰੀ। ਐਸ ਵੇਲੇ ਸਾਡੇ ਵਿਚਾਰਾਧੀਨ ਪ੍ਰਸ਼ਨ ਹੈ ਕਿ ਇਨਸਾਨ ਕਿਵੇਂ ਸੱਚਾ ਹੋਵੇ ਜਾਂ ਆਖੋ ਕਿ ਮਨੁੱਖ ਨੂੰ ਸਚਿਆਈ ਦਾ ਕਿਵੇਂ ਪਤਾ ਲੱਗੇ ਤੇ ਅਗਿਆਨਤਾ (ਕੂੜ ਦੇ ਪਸਾਰੇ) ਦੀ ਇਹ ਧੁੰਧਲੀ ਕੰਧ ਕਿਵੇਂ ਟੁੱਟੇ, ਦੂਰ ਹੋਵੇ। ਇਹ ਕੰਧ ਜੋ ਸੱਚ ਤੇ ਝੂਠ ਦੀ ਪਛਾਣ ਨਹੀਂ ਕਰਨ ਦਿੰਦੀ। ਇਹ ਧੁੰਧਲਾ ਪਰਦਾ ਜੋ ਮਨ ਅਤੇ ਆਤਮਾ ਦੇ ਦਰਮਿਆਨ ਬਣਿਆ ਹੋਇਆ ਹੈ, ਕਿਵੇਂ ਸਾਫ ਹੋਵੇ। ਕਿਵੇਂ ਸ਼ੀਸ਼ੇ ਵਾਗੂੰ ਨਿਰਮਲ ਹੋ ਜਾਵੇ ਕਿ ਜਿਸ ਵਿਚੋਂ ਦੂਜੇ ਪਾਰ ਦਾ ਸਭ ਕੁਝ ਨਜ਼ਰ ਆ ਜਾਵੇ। ਪਾਪਾਂ ਦੀ ਕਾਲੀ ਸ਼ਿਆਹੀ ਦੀ ਤਾਹ ਜੋ ਮਨ ਤੇ ਜੰਮੀ ਹੋਈ ਹੈ ਉਹ ਕਿਵੇਂ ਸਾਫ ਹੋਵੇ । ਮਨ ਤੋਂ ਅੱਗੇ ਸਾਨੂੰ ਆਤਮਾ ਦੇ ਦਰਸ਼ਨ ਹੋਣ ਅਤੇ ਆਤਮਾ ਤੋਂ ਫੇਰ ਪਰਮਾਤਮਾ ਦੇ ਦਰਸ਼ਨਾਂ ਤਕ ਕਿਵੇਂ ਅਪੜੀਏ। ਮਹਾਰਾਜ ਨੇ ਪ੍ਰਸਨ ਕੀਤਾ ਅਤੇ ਨਾਲੋ ਨਾਲ ਉੱਤਰ ਵੀ ਦਿੱਤਾ ਹੈ :

**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥**

ਭਾਈ ! ਜਿਵੇਂ ਮਾਲਕ ਦਾ ਹੁਕਮ ਹੋਵੇ ਉਸ ਨੂੰ ਸੱਚਾ ਕਰਕੇ ਮੰਨਣਾ ਹੀ ਗੁਰਸਿਖ ਦਾ ਧਰਮ ਹੈ। ਵੇਖਣ ਨੂੰ ਦੁਨਿਆਵੀ ਤੌਰ ਤੇ ਉਹ ਹੁਕਮ ਭਾਵੇਂ ਕਿੰਨਾ ਹੀ ਨੁਕਸਾਨ-ਦਾਇਕ ਹੋਵੇ, ਦੁਖਦਾਈ ਹੋਵੇ, ਘਾਟੇ ਵਾਲਾ ਹੋਵੇ, ਉਸਨੂੰ ਪ੍ਰਵਾਨ ਕਰਨਾ ਹੀ ਬਣਦਾ ਹੈ ਕਿਉਂ ਜੋ ਉਸਦਾ ਹੁਕਮ ਹਮੇਸ਼ਾ-ਸੱਚਾ ਹੈ। ਸਹੀ ਹੁੰਦਾ ਹੈ । ਮੁਕੰਮਲ ਹੈ। ਈਰਖਾ-ਦਵੈਖ ਰਹਿਤ ਹੈ। ਭਲੇ ਵਾਲਾ ਹੈ। ਪਰ ਅਸੀਂ ਉਸਨੂੰ ਸਮਝ ਨਹੀਂ ਸਕਦੇ, ਸਾਡੀ ਸਮਝ ਤੋਂ ਪਰੇ ਦੀ ਗੱਲ ਹੁੰਦੀ ਹੈ।

ਖਸਮ ਨੂੰ ਉਹੋ ਹੀ ਚੰਗਾ ਲੱਗਦਾ ਹੈ ਜੋ ਖਸਮ (ਮਾਲਿਕ) ਦੇ ਹੁਕਮ ਨੂੰ ਸਿਰ ਮੱਥੇ ਤੇ ਮੰਨਦਾ ਹੈ । ਨੌਕਰ ਅਪਣੇ ਮਾਲਕ ਦੇ ਹੁਕਮ ਦੀ ਤਾਮੀਲ ਨਾ ਕਰੇ, ਕਿੰਨੀ ਬੁਰੀ ਗੱਲ ਹੈ। ਹੀਲ ਹੁੱਜਤ ਕਰੇ, ਅਗੋਂ ਉੱਤਰ ਦੇਵੇ ਤਾਂ ਕੀ ਅਸੀਂ ਉਸ ਨੌਕਰ ਨੂੰ ਮਾਲਕ ਦਾ ਵਫਾਦਾਰ ਕਹਿ ਸਕਦੇ ਹਾਂ ? ਨਹੀਂ ! ਤੇ ਕੀ ਉਹ ਨੌਕਰ ਮਾਲਕ ਦੇ ਮਨ ਨੂੰ ਭਾਅ ਸਕਦਾ ਹੈ ? ਨਹੀਂ ਹਰਗਿਜ਼ ਨਹੀਂ ! ਹਰਗਿਜ਼ ਨਹੀਂ ! ਖਸਮ ਨੂੰ ਚੰਗਾ ਲਗਣ ਲਈ ਖਸਮ ਦੇ ਭਾਣੇ ਵਿਚ ਜੀਵਨ ਗੁਜ਼ਾਰਨਾ ਅਤਿਅੰਤ ਜ਼ਰੂਰੀ ਹੈ।

ਖਸਮੈ ਸੋਈ ਭਾਂਵਦਾ ਖਸਮੈ ਦਾ ਜਿਸੁ ਭਾਣਾ ਭਾਵੈ । (ਵਾਰ ਭਾਈ ਗੁਰਦਾਸ )

ਹਰ ਘੜੀ, ਹਰ ਪਲ ਜੋ ਬੀਤਦੀ ਹੈ ਉਸ ਦੇ ਸ਼ੁਕਰ ਵਿੱਚ ਹੀ ਗੁਜ਼ਰੇ ਤਾਂ ਉਹ ਮਨੁੱਖ ਪ੍ਰਭੂ ਨੂੰ ਪਿਆਰਾ ਲੱਗਦਾ ਹੈ । ਪ੍ਰਭੂ ਦੇ ਹੁਕਮ ਨੂੰ ਮਿੱਠਾ ਮੰਨਣਾ ਹੀ ਇਕ ਕੁੰਜੀ ਹੈ ਜੋ ਉਸ ਦੇ ਦਰਬਾਰ ਦੇ ਕਿਵਾੜ ਖੋਲ੍ਹਣ ਵਿਚ ਸਹਾਈ ਹੁੰਦੀ ਹੈ।

(੧) **ਤੇਰਾ ਕੀਤਾ ਜਿਸੁ ਲਾਗੈ ਮੀਠਾ ॥**
**ਘਟਿ ਘਟਿ ਪਾਰਬ੍ਰਹਮੁ ਤਿਨਿ ਜਨਿ ਡੀਠਾ ॥** (ਅੰਗ-੩੩੧)

(੨) **ਹੋਵੈ ਸੋਈ ਭਲ ਮਾਨੁ ॥ ਆਪਨਾ ਤਜਿ ਅਭਿਮਾਨੁ ॥**
**ਦਿਨੁ ਰੈਨਿ ਸਦਾ ਗੁਨ ਗਾਉ ॥ ਪੂਰਨ ਏਹੀ ਸੁਆਉ ॥੧॥** (ਅੰਗ-੮੯੫)

(੩) **ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ ॥** (ਅੰਗ-੧੦੮)

(੪) **ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ ॥** (ਅੰਗ-੩੩੧)

ਖਸਮ ਦਾ ਹੁਕਮ ਪਛਾਣ ਕੇ ਹੀ ਖਸਮ ਨੂੰ ਮਿਲਿਆ ਜਾ ਸਕਦਾ ਹੈ। ਤਾਂ ਤੇ ਮਨ ਦੀਆਂ ਮੱਤਾਂ ਤਿਆਗ ਕੇ ਹੁਕਮ ਨੂੰ ਬੁਝੀਏ। ਦੁੱਖ ਸੁੱਖ ਵਿੱਚ ਉਸੇ ਨੂੰ ਹੀ ਧਿਆਈਏ। ਉਸਦੀ ਹੀ ਆਰਾਧਨਾ ਕਰੀਏ। ਆਗਿਆ ਮੰਨ ਕੇ ਹੀ ਉਸ ਦੀ ਭਗਤੀ ਹੋ ਸਕਦੀ ਹੈ। ਆਪਣਾ ਆਚਾਰ ਤੇ ਵਿਉਹਾਰ ਉਸ ਦੇ ਹੁਕਮ ਵਿਚ ਢਾਲ ਲਈਏ। ਹੁਕਮ ਦਾ ਫਾਰਮੂਲਾ ਅਪਨਾ ਕੇ ਹੀ ਇਸ ਸੰਸਾਰ ਭਵ-ਸਾਗਰ ਤੋਂ ਪਾਰ ਹੋ ਸਕਦੇ ਹਾਂ।

**ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ ॥**
**ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ॥**(ਅੰਗ-੨੦੯)
**ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਾਰੀ ॥**
**ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ ॥੩॥** (ਅੰਗ-੩੭੭)

ਵੱਡੇ ਵੱਡੇ ਦੇਵੀ ਦੇਵਤੇ, ਰਿਸ਼ੀ-ਮੁਨੀ, ਜੋਗੀ-ਜੋਗੀਸ਼ਰ, ਹੁਕਮ ਨੂੰ ਮੰਨ ਕੇ ਹੀ ਉਸ ਪ੍ਰਮਾਤਮਾ ਦੇ ਦਰਬਾਰ ਵਿਚ ਸੋਹਦੇ ਹਨ ਅਤੇ ਜੋ ਹੋਰ ਹਨ ਜੋ ਭਾਣਾ ਨਹੀਂ ਮੰਨਦੇ ਉਹ ਅਭਿਮਾਨ ਵਿੱਚ ਜੰਮਦੇ ਮਰਦੇ ਹਨ, ਦੁੱਖ ਪਾਉਂਦੇ ਹਨ।

**ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥**
**ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ ॥** (ਅੰਗ-੯੯੨)

ਇਸ ਲਈ ਐ ਮੇਰੇ ਮਨ ! ਸਤਿਗੁਰੂ ਦੀ ਆਗਿਆ ਵਿਚ ਰਹਿ ਜਿਸ ਕਰਕੇ ਤੂੰ ਸੱਚੀ ਦਰਗਾਹ ਵਿਚ ਸੁੱਖ ਪਾਵੇਂਗਾ।

**ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥**
**ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥** (ਅੰਗ-੯੯੨)

ਹੁਕਮ ਦੀ ਸੋਝੀ ਸਤਿਗੁਰੂ ਰਾਹੀਂ ਹੋ ਸਕਦੀ ਹੈ। 'ਗੁਰਬਾਣੀ ਗੁਰੂ' ਦੇ ਹੁਕਮਾਂ ਦੀ ਵਿਚਾਰ ਕਰਕੇ, ਉਨਾਂ ਹੁਕਮਾਂ ਦੀ ਪਾਲਣਾ ਕਰਕੇ ਹੀ ਮਨੁੱਖ ਦੀ ਕਲਿਆਣ ਹੋ ਸਕਦੀ ਹੈ। ਸਤਿਗੁਰੂ ਨੇ ਇਕ ਗੱਲ ਬੁਝਾ ਦਿੱਤੀ ਹੈ ਕਿ ਜੋ ਕੁਝ ਵਾਹਿਗੁਰੂ ਮਾਲਕ ਕਰਦਾ ਹੈ, ਉਸ ਦੇ ਅੰਦਰ ਖੁਸ਼ ਰਹੋ। ਉਸ ਦੀ ਮਰਜ਼ੀ ਅਨੁਸਾਰ ਕੀਤੇ ਹੋਏ ਕੰਮਾਂ ਨੂੰ ਸਤਿ ਮੰਨਣ ਨਾਲ ਹੀ ਵਾਹਿਗੁਰੂ ਜੀ ਸਹਾਈ ਹੋਣਗੇ।

**ਏਕੁ ਕੁਸਲੁ ਮੋ ਕਉ ਸਤਿਗੁਰੂ ਬਤਾਇਆ ॥ ਹਰਿ ਜੋ ਕਿਛੁ ਕਰੇ ਸੁ ਹਰਿ ਕਿਆ**

**ਭਗਤਾ ਭਾਇਆ ॥ ਜਨ ਨਾਨਕ ਹਉਮੈ ਮਾਰਿ ਸਮਾਇਆ ॥੪॥ ਇਨਿ ਬਿਧਿ ਕੁਸਲ ਹੋਤ ਮੇਰੇ ਭਾਈ ॥ ਇਉ ਪਾਈਐ ਹਰਿ ਰਾਮ ਸਹਾਈ ॥੧॥** (ਅੰਗ-੧੭੬)

ਸੱਚੇ ਪਾਤਸ਼ਾਹ ਦੀ ਸਾਰੀ ਆਗਿਆ ਸਤਿਗੁਰੂ ਦੇ ਦਵਾਰਾ ਵਰਤਦੀ ਹੈ। ਗੁਰੂ ਦੇ ਲੜ ਲੱਗ ਕੇ ਉਸ ਵੱਲੋਂ ਬਖਸੇ ਹੋਏ ਸ਼ਬਦ ਦੀ ਕਮਾਈ (ਅਭਿਆਸ) ਕਰਕੇ ਹੁਕਮ ਨੂੰ ਪਛਾਣ ਸਕਦੇ ਹਾਂ ਅਤੇ ਫੇਰ ਹੁਕਮ ਦੀ ਪਾਲਣਾ ਖਿੜੇ ਮੱਥੇ ਹੋ ਜਾਂਦੀ ਹੈ। 'ਹਉ' ਮਰ ਜਾਂਦੀ ਹੈ। ਜਦੋਂ 'ਹਉਂ' ਮਰੀ ਮੈਂ ਨਹੀਂ ਰਹੀ ਤਾਂ ਫੇਰ ਕਰਤਾ-ਪੁਰਖ ਵਾਹਿਗੁਰੂ ਹੀ ਵਾਹਿਗੁਰੂ ਰਹਿ ਗਿਆ। ਨਾਮ ਹੀ ਨਾਮ ਰਹਿ ਗਿਆ । ਸਤਿਗੁਰੂ ਨੇ ਬਖਸ਼ਿਸ਼ ਕਰਕੇ ਇਹ ਗੱਲ ਸਮਝਾ ਦਿੱਤੀ ਕਿ ਭਾਈ ! ਜੋ ਕੁਝ ਹੁਕਮ ਦੀਆਂ ਗੱਲਾਂ ਹਨ ਇਹ ਸਭ ਨਾਮ ਦੀ ਗੱਲ ਹੈ, ਤਾਂ ਤੇ ਨਾਮ ਜਪੋ ਤਾਂ ਜੋ ਤੁਹਾਨੂੰ ਹੁਕਮ ਦੀ ਪ੍ਰਤੀਤ ਹੋ ਜਾਵੇ।

**ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥** (ਅੰਗ-੭੨)

ਅਸਲ ਵਿੱਚ ਹਰ ਹਾਲਤ ਵਿੱਚ ਵਾਹਿਗੁਰੂ ਨਾਮ ਦਾ ਜਾਪ ਕਰਨਾ ਹੀ ਹੁਕਮ ਹੈ। ਸਤਿਗੁਰੂ ਹੀ ਦਇਆਲ ਹੋ ਕੇ ਕੇਵਲ ਨਾਮ ਨਾਲ ਜੋੜ ਕੇ ਹੀ ਭਾਣਾ ਮਨਾ ਸਕਦੇ ਹਨ।

**ਤੇਰਾ ਭਾਣਾ ਤੂਹੈ ਮਨਾਇਹਿ ਜਿਸ ਨੋ ਹੋਹਿ ਦਇਆਲਾ ॥** (ਅੰਗ-੭੪੭)

ਰੋਸੇ ਗਿੱਲੇ ਕਰਨੇ ਵੀ ਜਾਇਜ਼ ਨਹੀਂ ਲਗਦੇ। ਉਲ੍ਹਾਂਭੇ ਵੀ ਦੇਣੇ ਨਹੀਂ ਬਣਦੇ। ਉਸ ਪ੍ਰਮਾਤਮਾ ਪਾਰਬ੍ਰਹਮ ਪਰਮੇਸ਼ਰ ਦੀ ਅਪਾਰ ਲ੍ਹੀਲਾ ਹੈ। ਜਿੰਨਾਂ ਸਾਡੇ ਬੁਰੇ ਭਲੇ ਦਾ ਖਿਆਲ ਉਸਨੂੰ ਹੈ, ਉਹ ਅਸੀਂ ਨਹੀਂ ਪਛਾਣ ਸਕਦੇ। ਅਨ-ਗਿਣਤ ਖੰਡਾਂ-ਬ੍ਰਹਮੰਡਾਂ ਨੂੰ ਪ੍ਰਭੂ ਕਿਸੇ ਨੀਯਮ ਵਿੱਚ ਪੂਰਨ ਰੂਪ ਵਿਚ ਨਿਰਵਿਘਨ ਚਲਾ ਰਿਹਾ ਹੈ। ਉਸਦਾ ਇੰਤਜ਼ਾਮ ਐਡਾ ਕਮਾਲ ਦਾ ਸੋਹਣਾ ਤੇ ਮੁਕੰਮਲ ਹੈ ਕਿ ਸਾਡਾ ਕਿੰਤੂ ਕਰਨਾ ਨਹੀਂ ਬਣਦਾ। ਜੇਕਰ ਕਰਾਂਗੇ ਤਾਂ ਭੁੱਲ ਹੋਵੇਗੀ।

**ਉਲਾਹਨੋ ਮੈ ਕਾਹੂ ਨ ਦੀਓ ॥ ਮਨ ਮੀਠ ਤੁਹਾਰੋ ਕੀਓ ॥੧॥ ਰਹਾਉ ॥ ਆਗਿਆ ਮਾਨਿ ਜਾਨਿ ਸੁਖੁ ਪਾਇਆ ਸੁਨਿ ਸੁਨਿ ਨਾਮੁ ਤੁਹਾਰੋ ਜੀਓ ॥ ਈਹਾਂ ਊਹਾ ਹਰਿ ਤੁਮ ਹੀ ਤੁਮ ਹੀ ਇਹੁ ਗੁਰ ਤੇ ਮੰਤ੍ਰੁ ਦ੍ਰਿੜੀਓ ॥੧॥ ਜਬ ਤੇ ਜਾਨਿ ਪਾਈ ਏਹ ਬਾਤਾ ਤਬ ਕੁਸਲ ਖੇਮ ਸਭ ਥੀਓ ॥ ਸਾਧਸੰਗਿ ਨਾਨਕ ਪਰਗਾਸਿਓ ਆਨ ਨਾਹੀ ਰੇ ਬੀਓ ॥੨॥** (ਅੰਗ-੯੭੮)

ਸੋ ਜਦੋਂ ਤਕ ਇਨਸਾਨ ਹੁਕਮ ਨੂੰ ਨਹੀਂ ਮੰਨਦਾ, ਉਦੋਂ ਤਕ ਦੁਖੀ ਹੁੰਦਾ ਹੈ :-

**ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥** (ਅੰਗ-੪੦੦)

**ਅਰਦਾਸ** : ਹੁਕਮ ਦੀ ਪ੍ਰਤੀਤ ਲਈ, ਹੁਕਮ ਦੀ ਸੋਝੀ ਲਈ, ਹੁਕਮ ਦੇ ਅਨੁਸਾਰ ਅਪਣਾ ਜੀਵਨ ਢਾਲਣ ਲਈ ਸਾਡੇ ਵੱਸ ਦੀ ਗੱਲ ਕੇਵਲ ਇਕ ਅਰਦਾਸ ਹੈ। ਅਰਦਾਸ

ਕਰੀਏ ਸਤਿਗੁਰੂ ਅੱਗੇ ਕਿ ਸੱਚੇ ਪਾਤਸ਼ਾਹ ਕ੍ਰਿਪਾ ਕਰ ਅਤੇ ਅਪਣੇ ਭਾਣੇ ਵਿਚ ਰੱਖ। ਨਾਮ ਜਪਾ ਤੇ ਭਵ-ਸਾਗਰ ਤੋਂ ਪਾਰ ਕਰ ਦੇ ।

**ਦਇਆ ਕਰਹੁ ਨਾਨਕੁ ਗੁਣ ਗਾਵੈ ਮਿਠਾ ਲਗੈ ਤੇਰਾ ਭਾਣਾ ॥** (ਅੰਗ-੭੪੮)

ਤੇਰੀ ਰਹਮ, ਬਖਸ਼ਿਸ਼ ਵਿੱਚ ਹੀ ਸੁੱਖ ਪਾ ਸਕਦੇ ਹਾਂ। ਸੋ ਕ੍ਰਿਪਾ ਕਰ ਅਪਣੀ ਮੇਹਰ ਦੀ ਦ੍ਰਿਸ਼ਟੀ ਦੇ "ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ" ਕੇਵਲ ਰਹਮ ਨਾਲ ਹੀ ਛੁਟਕਾਰਾ ਹੋ ਸਕਦਾ ਹੈ। ਗਿਣਤੀਆਂ-ਮਿਣਤੀਆਂ ਸਾਡੀਆਂ ਨਾ ਕਰ। ਸਾਡੇ ਗੁਣ ਔਗਣ ਨਾ ਚਿਤਾਰ :-

**ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥**
**ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥੧॥** (ਅੰਗ-੯੬੧)

ਬੱਚੇ ਨੇ ਮਾਂ-ਬਾਪ ਕੋਲ ਲੇਲੜੀਆਂ ਹੀ ਕਢੱਣੀਆਂ ਹਨ ਕਿ ਚੰਗਾ ਹਾਂ, ਮੰਦਾ ਹਾਂ, ਜੋ ਕੁਝ ਵੀ ਹਾਂ ਤੇਰੇ ਬਣਾਏ ਹੋਏ ਹਾਂ। ਕ੍ਰਿਪਾ ਕਰਕੇ ਸਾਨੂੰ ਹੁਕਮ ਦੀ ਸੋਝੀ ਦੇ ਕੇ ਅਪਣੇ ਚਰਨਾਂ ਨਾਲ ਜੋੜ ਲੈ, ਅਸੀਂ ਤਾਂ ਛਿਨ ਛਿਨ ਭੁੱਲਾਂ ਕਰਦੇ ਹਾਂ। ਸਾਡੀ ਭੁੱਲਾਂ ਨੂੰ ਨਾ ਚਿਤਾਰ, ਬਲਕਿ ਬਖਸ਼ਿਸ਼ ਕਰਕੇ ਸਾਡਾ ਪਾਰ ਉਤਾਰਾ ਕਰ ਦੇ।

ਹੇ ਵਾਹਿਗੁਰੂ ! ਸਾਡੇ ਤੇ ਬਖਸ਼ਿਸ਼ ਕਰ ਕੇ ਅਸੀਂ ਤੇਰੇ ਹੁਕਮ ਤੇ ਚਲ ਕੇ ਜੀਵਨ ਗੁਜਾਰ ਸਕੀਏ।

-o-o-o-


## ਸੰਸਥਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ'

ਭਵਨ ਨੰ.6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ) ਵਿਖੇ,

# ਮਹੀਨਾ ਵਾਰੀ ਗੁਰਮਤਿ ਸਮਾਗਮ

## ਦੂਜਾ ਸਨੀਵਾਰ 11 ਮਈ 2024 ਨੂੰ

10.00 ਤੋਂ 01.00 ਵਜੇ ਦੁਪਹਿਰ ਤਕ

ਸ਼ਬਦ-ਕੀਰਤਨ ਅਤੇ ਸ਼ਬਦ-ਵੀਚਾਰ ਹੋਵੇਗੀ।

ਸਤਿਸੰਗ ਵਿੱਚ ਦਰਸ਼ਨ ਦੇ ਕੇ ਲਾਭ ਉਠਾਓ ਜੀ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ।**

# ਗੁਰਸਿੱਖ ਰਹਿਣੀ

ਗੁਰਸਿਖਾ ਸਾਬਾਸ ਜਨਮੁ ਸਵਾਰਿਆ।
ਗੁਰਸਿਖਾਂ ਰਹਰਾਸਿ ਗੁਰੂ ਪਿਆਰਿਆ।
ਗੁਰਮੁਖਿ ਸਾਸਿ ਗਿਰਾਸਿ ਨਾਉ ਚਿਤਾਰਿਆ।
ਮਾਇਆ ਵਿਚਿ ਉਦਾਸੁ ਗਰਬੁ ਨਿਵਾਰਿਆ ।
ਗੁਰਮੁਖਿ ਦਾਸਨਿ ਦਾਸ ਸੇਵ ਸੁਚਾਰਿਆ।
ਵਰਤਨਿ ਆਸ ਨਿਰਾਸ ਸਬਦੁ ਵੀਚਾਰਿਆ ।
ਗੁਰਮੁਖਿ ਸਹਜਿ ਨਿਵਾਸੁ ਮਨ ਹਠ ਮਾਰਿਆ ।
ਗੁਰਮੁਖਿ ਮਨਿ ਪਰਗਾਸੁ ਪਤਿਤ ਉਧਾਰਿਆ ॥੧੯॥

ਗੁਰਸਿੱਖਾਂ ਨੂੰ ਸ਼ਾਬਾਸ਼ ਹੈ (ਜਿਨ੍ਹਾਂ ਨੇ ਆਪਣਾ) ਜਨਮ ਸਵਾਰ ਲੀਤਾ ਹੈ। ਗੁਰ ਸਿੱਖਾਂ ਦਾ ਰਸਤਾ ਸਿੱਧਾ ਹੈ (ਕਿ ਉਨ੍ਹਾਂ ਨੇ) ਗੁਰੂ ਨੂੰ ਪਜਾਰ ਕੀਤਾ ਹੈ। ਗੁਰਮੁਖ (ਹੋਕੇ ਉਨ੍ਹਾਂ ਨੇ ਪਰਮੇਸ਼ੁਰ ਦੇ) ਨਾਮ ਨੂੰ ਸਾਸ ਗਿਰਾਸ ਯਾਦ ਕੀਤਾ ਹੈ। ਮਾਇਆ ਵਿਚ ਉਦਾਸ ਰਹਿਕੇ ਹੰਕਾਰ ਦੂਰ ਕੀਤਾ ਹੈ। ਦਾਸਾਂ ਦੇ ਦਾਸ ਹੋ ਕੇ ਗੁਰਮੁਖਾਂ ਨੇ ਸੇਵਾ ਦਾ ਭਲਾ ਕੰਮ ਕੀਤਾ ਹੈ । ਆਸਾ ਵਿਚ (ਫੇਰ ਵੀ) ਨਿਰਾਸ ਹੀ ਵਰਤਨਗੇ ਅਰ ਸ਼ਬਦ ਦੀ ਵੀਚਾਰ ਕਰਨਗੇ । ਗੁਰਮੁਖਾਂ ਦਾ ਨਿਵਾਸ ਸਹਿਜ ਵਿੱਚ ਹੋਵੇਗਾ (ਕਿਸੇ ਬਾਤ ਵਿਚ) ਹਠ ਮਨ ਵਿਚ ਨਹੀਂ ਧਾਰਨਗੇ। ਗੁਰਮੁਖਾਂ ਦੇ ਮਨ ਵਿਚ (ਵਾਹਿਗੁਰੂ ਦਾ) ਪਰਗਾਸ ਹੋ ਜਾਏਗਾ (ਫੇਰ ਉਨ੍ਹਾਂ ਥੋਂ) ਪਤਿਤ ਉਧਾਰ ਪਾਉਣਗੇ ।

ਭਾਵ : ਗੁਰਸਿੱਖ ਜਿਨ੍ਹਾਂ ਜਨਮ ਸਵਾਰਿਆ ਹੈ, ਧੰਨਤਾ ਯੋਗ ਹਨ। ਉਨ੍ਹਾਂ ਦਾ ਰਸਤਾ ਸੱਚਾ ਹੈ; ਸਾਸ ਗਿਰਾਸ ਅਰਥਾਤ ਤੁਰਦੇ ਫਿਰਦੇ ਭੋਜਨ ਪਾਉਂਦੇ ਨਾਮ ਹੀ ਜਪਦੇ ਹਨ, ਫੇਰ ਮਾਇਆ ਵਿਚ ਉਦਾਸੀਨ ਬ੍ਰਿਤੀ ਰੱਖਕੇ ਹੰਕਾਰ ਨੂੰ ਨੇੜੇ ਨਹੀਂ ਆਉਣ ਦੇਂਦੇ। ਗੁਰਮੁਖਾਂ ਦੀ ਸੇਵਾ ਵਿਖੇ ਦਾਸਾਂ ਦੇ ਦਾਸ ਹੋ ਕੇ ਮਨ ਲਾਉਂਦੇ, ਭਲੇ ਆਚਾਰ ਕਰਦੇ ਹਨ, ਸਹਿਜ ਪਦ ਵਿਖੇ ਹਠ ਨਹੀਂ ਧਾਰਦੇ, ਇਸੇ ਕਰਕੇ ਉਨ੍ਹਾਂ ਦੇ ਮਨ ਵਿਖੇ ਸਦਾ ਆਤਮਾ ਦਾ ਪ੍ਰਕਾਸ਼ ਰਹਿੰਦਾ ਹੈ ਅਰ ਪਾਪੀ ਲੋਕ ਉਨ੍ਹਾਂ ਦਾ ਦਰਸ਼ਨ ਕਰਕੇ ਉਧਰ ਜਾਂਦੇ ਹਨ , "**ਸਾਧ ਕੈ ਸੰਗਿ ਨਹੀ ਕਛੁ ਘਾਲ ॥ ਦਰਸਨੁ ਭੇਟਤ ਹੋਤ ਨਿਹਾਲ ॥**"

-o-o-o-

# ਵੱਡੇ ਘਲੂਘਾਰੇ ਦੇ ਸ਼ਹੀਦ ਭਾਈ ਖੇਮ ਸਿੰਘ ਜੀ

-ਡਾ.ਗੁਰਬਚਨ ਸਿੰਘ, ਮੋ : 98781-49511

ਵੱਡਾ ਘਲੂਘਾਰਾ ੫ ਫਰਵਰੀ ੧੭੬੨ ਨੂੰ ਕੁਪ ਰਹੀੜਾ ਨੇੜੇ ਮਲੇਰਕੋਟਲਾ ਵਿਖੇ ਵਾਪਰਿਆ। ਉਸ ਸਮੇਂ ਦਲ ਖਾਲਸਾ ਆਪਣੇ ਪਰਿਵਾਰਾਂ ਸਮੇਤ ਮਾਲਵੇ ਵਲ ਨੂੰ ਜਾ ਰਿਹਾ ਸੀ। ਇਸ ਦਲ ਵਿੱਚ ਬੱਚਿਆਂ, ਬੀਬੀਆਂ ਅਤੇ ਬਜੁਰਗਾਂ ਦੀ ਗਿਣਤੀ ਵਧੇਰੇ ਸੀ। ਅਬਦਾਲੀ ਦੀਆਂ ਫੌਜਾਂ ਅਤੇ ਮਲੇਰਕੋਟੀਏ ਤੇ ਸਰਹੰਦ ਦੇ ਸੂਬੇਦਾਰਾਂ ਨੇ ਦਲ ਤੇ ਮਾਰੂ ਹਮਲਾ ਕਰ ਦਿੱਤਾ। ਸਿੰਘ ਆਪਣੇ ਪਰਿਵਾਰਾਂ ਦਾ ਬਚਾਓ ਕਰਦੇ ਹੋਏ ਅੱਗੇ ਵਧ ਰਹੇ ਸਨ। ਇਸ ਘਲੂਘਾਰੇ ਵਿੱਚ ੪੦-੫੦ ਹਜਾਰ ਦੇ ਕਰੀਬ ਬੱਚੇ, ਬੀਬੀਆਂ, ਬਜੁਰਗ ਅਤੇ ਜੁਝਾਰੂ ਸਿੰਘ ਸ਼ਹੀਦ ਹੋਏ। ਪੂਰਾ ਦਿਨ ਘਮਸਾਨ ਦਾ ਜੰਗ ਹੁੰਦਾ ਰਿਹਾ ਤਕਰੀਬਨ ਸਾਰੇ ਸਿੰਘ ਫੱਟੜ ਹੋ ਗਏ ਸਨ। ਇਸ ਸੰਗਰਾਮ ਵਿੱਚ ਸ਼ਹੀਦ ਹੋਏ ਸਿੰਘਾਂ ਬਾਰੇ ਬਹੁਤ ਘੱਟ ਜਾਣਕਾਰੀ ਪ੍ਰਾਪਤ ਹੈ। ਇਸ ਜੰਗ ਵਿੱਚ ਜੂਝ ਕੇ ਸ਼ਹੀਦ ਹੋਏ ਭਾਈ ਖੇਮ ਸਿੰਘ ਜੀ ਬਾਰੇ ਜੋ ਜਾਣਕਾਰੀ ਪ੍ਰਾਪਤ ਹੋਈ ਉਹ ਸਾਂਝੀ ਕਰ ਰਹੇ ਹਾਂ :

ਸ਼ਹੀਦ ਭਾਈ ਖੇਮ ਸਿੰਘ ਜੀ ਦਾ ਜਨਮ ਸੰਨ ੧੭੧੧ ਈ. ਨੂੰ ਮਾਤਾ ਸੁਖਦੇਈ ਜੀ ਦੀ ਕੁਖੋਂ ਪਿਤਾ ਚਿੰਤਨ ਸਿੰਘ ਦੇ ਘਰ ਪਿੰਡ ਚੀਮਨਾ ਨੇੜੇ ਜਗਰਾਉਂ ਵਿਖੇ ਹੋਇਆ। ਚੀਮਨਾ ਪਿੰਡ ਤਹਿਸੀਲ ਜਗਰਾਉਂ, ਜਿਲ੍ਹਾ ਲੁਧਿਆਣਾ; ਲੁਧਿਆਣਾ-ਫਿਰੋਜਪੁਰ ਸੜਕ ਤੋਂ ੪ ਕਿ.ਮੀ. ਅਤੇ ਰੇਵਲੇ ਸਟੇਸ਼ਨ ਜਗਰਾਉਂ ਤੋਂ ੫ ਕਿ.ਮੀ. ਦੀ ਦੂਰੀ ਤੇ ਵਸਦਾ ਹੈ। ਭਾਈ ਖੇਮ ਸਿੰਘ ਹੋਰੀ ਪੰਜ ਭੈਣ ਭਰਾ ਸਨ। ਆਪ ਜੀ ਨੇ ਮੁੱਢਲੀ ਵਿਦਿਆ ਸੰਤ ਮਨੋਹਰ ਬਾਲਾ ਜੀ ਪਿੰਡ ਲੋਪੋ ਨੇੜੇ ਬੱਧਨੀ ਕਲਾਂ ਪਾਸੋਂ ਪ੍ਰਾਪਤ ਕੀਤੀ। ਆਪ ਜੀ ਤੀਖਣ ਬੁੱਧੀ ਵਾਲੇ ਸਨ, ਅੱਖਰ ਗਿਆਨ ਦੀ ਪ੍ਰਾਪਤੀ ਕਰ ਕੇ ਤੇਰਾਂ ਸਾਲ ਦੀ ਉਮਰ ਵਿੱਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚੰਗੇ ਪਾਠੀ ਬਣ ਗਏ।

ਆਪ ਜੀ ਚੜ੍ਹਦੀ ਉਮਰੇ ਹੀ ਉਦਾਸ ਰਹਿੰਦੇ ਸਨ ਕਿਉਂਕਿ ਆਪ ਨੂੰ ਗੁਰਬਾਣੀ ਦਾ ਗਿਆਨ ਪ੍ਰਾਪਤ ਕਰਨ ਦੀ ਤਾਂਘ ਸੀ। ਆਪ ਦੇ ਤਾਇਆ ਜੀ ਨੇ ਪੁੱਛਿਆ ਕਿ ਖੇਮ ਸਿੰਘ ਤੂੰ ਉਦਾਸ ਜਿਹਾ ਕਿਉਂ ਰਹਿੰਦਾ ਹੈ। ਖੇਮ ਸਿੰਘ ਜੀ ਨੇ ਉੱਤਰ ਦਿੱਤਾ ਕਿ ਤਾਇਆ ਜੀ ਮੇਰਾ ਦਿਲ ਕਰਦਾ ਹੈ ਕਿ ਮੈਂ ਕਿਸੇ ਧਾਰਮਿਕ ਜਥੇਬੰਦੀ ਵਿੱਚ ਸ਼ਾਮਲ ਹੋ ਕੇ ਗੁਰਬਾਣੀ ਦੇ ਸ਼ਬਦ ਬੋਧ ਦਾ ਗਿਆਨ ਪ੍ਰਾਪਤ ਕਰਕੇ ਪ੍ਰਮੇਸਰ ਦੀ ਬੰਦਗੀ ਕਰਾਂ। ਕੁਝ ਸਮਾਂ ਆਪ ਜੀ ਖੂਹੀ ਵਾਲੇ ਸੰਤਾਂ ਕੋਲ ਲਾਹੌਰ ਵਿੱਚ ਵੀ ਰਹੇ। ਆਪ ਜੀ ਨੇ ਨਵਾਬ ਕਪੂਰ ਸਿੰਘ ਜੀ ਦੇ

ਜੱਥੇ ਪਾਸੋਂ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕੀਤਾ ਤੇ ਤਿਆਰ ਬਰ ਤਿਆਰ ਸਿੰਘ ਸਜ ਗਏ। ਸ਼ਸਤਰ ਵਿਦਿਆ ਆਪ ਨੇ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਪਾਸੋਂ ਗ੍ਰਹਿਣ ਕੀਤੀ।

ਸੰਨ ੧੭੪੦ ਵਿੱਚ ਆਪ ਜੱਥੇਦਾਰ ਹਰੀ ਸਿੰਘ ਦੇ ਜੱਥੇ ਵਿੱਚ ਸ਼ਾਮਲ ਹੋ ਗਏ। ਬਾਅਦ ਵਿੱਚ ਆਪ ਜੀ ਕਰੋੜ ਸਿੰਘੀਆ ਮਿਸਲ ਦੇ ਜੱਥੇਦਾਰ ਬਾਬਾ ਸ਼ਾਮ ਸਿੰਘ ਜੀ ਪਾਸ ਚਲੇ ਗਏ। ਛੋਟਾ ਘਲੂਘਾਰਾ ਸੰਨ ੧੭੪੬ ਜੋ ਕਿ ਕਾਹਨੂੰਵਾਲ ਛੰਭ ਵਿੱਚ ਲਖਪੱਤ ਰਾਏ ਦੀਆਂ ਫੌਜਾਂ ਤੇ ਸਿੰਘਾਂ ਵਿਚਕਾਰ ਹੋਇਆ, ਇਸ ਵਿੱਚ ਭਾਈ ਖੇਮ ਸਿੰਘ ਜੀ ਨੇ ਤੇਗ ਵਾਹੀ ਅਤੇ ਆਪ ਜੀ ਫੱਟੜ ਹੋ ਗਏ। ਇਥੋਂ ਆਪ ਹੋਰ ਸਿੰਘਾਂ ਦੇ ਨਾਲ ਹੀ ਮਾਲਵੇ ਦੇ ਇਲਾਕੇ ਵਿੱਚ ਚਲੇ ਗਏ ਜਿਥੇ ਕਿ ਮਲਵਈ ਸਿੱਖਾਂ ਨੇ ਫੱਟੜ ਸਿੰਘਾਂ ਦੀ ਬਹੁਤ ਸੇਵਾ ਕੀਤੀ।

ਫਿਰ ੫ ਫਰਵਰੀ ੧੯੬੨ ਈ. ਵਿੱਚ ਕੁੱਪ ਰਹੀੜੇ ਦੇ ਅਸਥਾਨ ਤੇ ਖਾਲਸਾ ਵਹੀਰ ਜਿਸ ਵਿੱਚ ਬੱਚੇ, ਬੀਬੀਆਂ, ਬਜ਼ੁਰਗ ਵੀ ਸਾਮਲ ਸਨ ਤੇ ਅਬਦਾਲੀ ਦੀਆਂ ਫੌਜਾਂ ਤੇ ਸਰਹੰਦ ਅਤੇ ਮਲੇਰਕੋਟਲੀਆਂ ਨੇ ਮਾਰੂ ਹਮਲਾ ਕੀਤਾ। ਇਸ ਘਲੂਘਾਰੇ ਵਿੱਚ ਤਕਰੀਬਨ ਸਿੰਘਾਂ ਦੇ ਵਹੀਰ  ਵਿਚੋਂ ਲੱਗ-ਪੱਗ ਅੱਧੇ ਸਿੰਘ ਸਿੰਘਣੀਆਂ, ਭੁਜੰਗੀ ਸ਼ਹੀਦ ਹੋ ਗਏ। ਸਿੰਘਾਂ ਦਾ ਮਾਲ ਅਸਬਾਬ, ਊਠ, ਬੈਲ, ਦੁਧਾਰੂ ਪਸ਼ੂ ਲੁਟੇਰਿਆਂ ਨੇ ਕਾਬੂ ਕਰ ਲਏ। ਸਾਰੇ ਜੱਥੇ ਵਿਚੋਂ ਕੋਈ ਵੀ ਸਿੰਘ ਜਾਂ ਸਿੰਘਣੀ ਅਜਿਹਾ ਨਹੀਂ ਸੀ ਜਿਸ ਦੇ ਕੋਈ ਫੱਟ ਨਾ ਲਗਾ ਹੋਵੇ।

ਪਰ ਫਿਰ ਵੀ ਦਸਮੇਸ਼ ਪਿਤਾ ਦੇ ਲਾਡਲੇ ਸਿੰਘ ਸਿੰਘਣੀਆਂ ਭੁੱਖੇ-ਪਿਆਸੇ, ਜ਼ਖਮੀ ਹਾਲਤ ਵਿੱਚ ਅੱਤ ਦੀ ਸਰਦੀ ਸਹਿੰਦੇ ਹੋਏ ਲੜਦੇ-ਭਿੜਦੇ ਕਸਬਾ ਹਠੂਰ ਦੀ ਢਾਬ ਤੇ ਪਹੁੰਚ ਗਏ। ਅਗਲੇ ਦਿਨ ੬ ਫਰਵਰੀ ਨੂੰ ਇਸ ਢਾਬ ਤੇ ਸਿੰਘਾਂ ਤੇ ਦੁਸ਼ਮਣ ਫੌਜਾਂ ਵਿਚਕਾਰ ਜੰਗ ਸ਼ੁਰੂ ਹੋ ਗਈ। ਅਬਦਾਲੀ ਦੀਆਂ ਫੌਜਾਂ ਹਠੂਰ ਦੀ ਢਾਬ ਜੋ ਨੱਕੋ-ਨੱਕ ਪਾਣੀ ਨਾਲ ਭਰਪੂਰ ਸੀ ਤੇ ਕਬਜ਼ਾ ਕਰਨਾ ਚਾਹੁੰਦੀਆਂ ਸਨ। ਇਸ ਸੰਗਰਾਮ ਵਿੱਚ ਵੀ ਬਹੁਤ ਸਿੰਘ ਸ਼ਹੀਦ ਹੋ ਗਏ, ਬਾਕੀ ਬਚੇ ਗੰਭੀਰ ਫੱਟੜ ਸਿੰਘ ਮੋਗਾ, ਨਿਹਾਲ ਸਿੰਘ ਵਾਲਾ ਇਲਾਕਿਆਂ ਵਲ ਨੂੰ ਚਲੇ ਗਏ। ਭਾਈ ਖੇਮ ਸਿੰਘ ਜੀ ਗੰਭੀਰ ਫੱਟੜ ਹੋ ਗਏ ਸਨ ਅਤੇ ਇਸ ਹਾਲਤ ਵਿੱਚ ਪਿੰਡ ਹਿੰਮਤ ਪੁਰਾ, ਬਿਲਾਸਪੁਰ, ਭਾਗੀ ਕੇ ਅਤੇ ਮਾਛੀਕਿਆਂ ਦੇ ਵਿਚਕਾਰ ਇੱਕ ਢਾਬ ਦੇ ਕਿਨਾਰੇ ਪਹੁੰਚ ਗਏ। ਇਹ ਸਥਾਨ ਪਿੰਡ ਹਿੰਮਤ ਪੁਰਾ ਦੇ ਖੇਤਾਂ ਵਿੱਚ ਪੈਂਦਾ ਸੀ। ਇਹ ਪਿੰਡ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ; ਬਾਘਾ ਪੁਰਾਣਾ-ਬਰਨਾਲਾ ਸੜਕ ਤੇ ਮੋਗਾ ਤੋਂ ਤਕਰੀਬਨ ੪੩ ਕਿ.ਮੀ. ਦੂਰੀ ਤੇ ਹੈ।

ਇਸ ਅਸਥਾਨ ਤੇ ਹੀ ਬਾਬਾ ਖੇਮ ਸਿੰਘ ਜੀ ਸਰੀਰ ਤਿਆਗ ਕੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਪਹੁੰਚ ਗਏ। ਇਸ ਥਾਂ ਤੇ ਭਾਂਵੇ ਅੱਜ ਕਲ ਢਾਬ ਤਾਂ ਨਹੀਂ ਹੈ ਪਰ ਉਸ ਸਮੇਂ ਦਾ ਪੁਰਾਣਾ ਜੰਡ ਦਾ ਦਰਖਤ ਅੱਜ ਵੀ ਖੜਾ ਹੈ।

ਇਸ ਜੰਡ ਦੇ ਪਾਸ ਪੁਰਾਣੇ ਸਮੇਂ ਤੋਂ ਹੀ ਇੱਕ ਥੜਾ ਬਣਿਆ ਹੋਇਆ ਸੀ ਜਿਸ ਉੱਤੇ ਬਹੁਤ ਸਿੱਖ ਪਰਿਵਾਰ ਦਸਵੀਂ ਵਾਲੇ ਦਿਨ ਦੁੱਧ ਚੜ੍ਹਾਉਂਦੇ ਸਨ। ਅਜ ਕਲ੍ਹ ਜੰਡ ਦੇ ਦਰਖਤ ਪਾਸ ਹੀ ਇੱਕ ਉੱਚੀ ਸੁੰਦਰ ਸਮਾਧ ਬਣਾ ਕੇ ਚਾਰੇ ਪਾਸੇ ਸੀਸ਼ਾ ਲਗਾਇਆ ਗਿਆ ਹੈ। ਇਸ ਦੇ ਕੋਲ ਹੀ ਇੱਕ ਸੁੰਦਰ ਕਮਰੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ ਜਿੱਥੇ ਉੱਚੇ ਨਿਸ਼ਾਨ ਸਾਹਿਬ ਝੂਲਦੇ ਹਨ। ਛੋਟਾ ਲੰਗਰ ਹਾਲ ਅਤੇ ਕੁਝ ਰਿਹਾਇਸ਼ੀ ਕਮਰੇ ਵੀ ਬਣੇ ਹੋਏ ਸਨ। ਇਸ ਥਾਂ ਤੇ ਤਕਰੀਬਨ ਤਿੰਨ ਏਕੜ ਜਮੀਨ ਤੇ ਚਾਰ ਦੀਵਾਰੀ ਕਰਕੇ ਬਾਬਾ ਜੀ ਦੇ ਸ਼ਹੀਦੀ ਅਸਥਾਨ ਨੂੰ ਸਜਾਇਆ ਜਾ ਰਿਹਾ ਹੈ। ਇਸ ਯਾਦਗਾਰ ਦਾ ਨਾਮ ਗੁਰਦੁਆਰਾ ਭਰੂਆਣਾ ਸਾਹਿਬ ਹਿੰਮਤਪੁਰਾ ਹੈ। ਗੁਰਦੁਆਰਾ ਭਰੂਆਣਾ ਸਾਹਿਬ ਦਾ ਨਾਮ ਭਰੂਆਣਾ ਇਸ ਕਰਕੇ ਪਿਆ ਹੈ ਕਿ ਆਮ ਸਿੱਖ ਸੰਗਤਾਂ ਵਿੱਚ ਇਹ ਗੱਲ ਚਲਦੀ ਆ ਰਹੀ ਹੈ ਕਿ ਬਾਬਾ ਖੇਮ ਸਿੰਘ ਜੀ ਭਾਰੀ ਸ਼ਹੀਦ ਹਨ ਅਤੇ ਭਾਰੂ ਤੋਂ ਭਰੂਆਣਾ ਕਹਿਣ ਲੱਗ ਪਏ। ਇਹ ਗੁਰਦੁਆਰਾ ਪਿੰਡ ਹਿੰਮਤਪੁਰਾ ਤੋਂ ਬਿਲਾਸਪੁਰ ਜਾਣ ਵਾਲੀ ਸੜਕ ਉੱਤੇ ਹਿੰਮਤਪੁਰਾ ਤੋਂ ਚਾਰ ਤੇ ਬਿਲਾਸਪੁਰ ਤੋਂ ਢਾਈ ਕਿ.ਮੀ. ਦੀ ਦੂਰੀ ਤੇ ਸਥਿੱਤ ਹੈ। ਸ਼ਹੀਦ ਭਾਈ ਖੇਮ ਸਿੰਘ ਜੀ ਦੇ ਜਨਮ ਅਸਥਾਨ ਪਿੰਡ ਚੀਮਨੇ ਤੋਂ ਆਪ ਜੀ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ। ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਇਹ ਪਿੰਡ ਮੁਸਲਮਾਨਾਂ ਦਾ ਸੀ ਜੋ ਕਿ ਪਾਕਿਸਤਾਨ ਚਲੇ ਗਏ। ਅਜੋਕੀ ਸਿੱਖ ਵਸੋਂ ਸ਼ਾਇਦ ਕਿਸੇ ਹੋਰ ਪਿੰਡ ਤੋਂ ਆ ਕੇ ਵੱਸੀ ਹੋਈ ਹੈ।

ਉਪਰੋਕਤ ਜਾਣਕਾਰੀ ਪੁਸਤਕ, 'ਸਿੱਖ ਸੰਘਰਸ਼' (ਛੋਟਾ ਘਲੂਘਾਰਾ ਤੋਂ ਮਿਸਲ ਰਾਜ ਤਕ) ਦੇ ਖੋਜੀ ਇਤਿਹਾਸਕਾਰ ਸ.ਰਾਮ ਸਿੰਘ ਬੀਹਲਾ ਵਿਚੋਂ ਪ੍ਰਾਪਤ ਹੋਈ ਹੈ। ਗੁਰਦੁਆਰਾ ਮਲੋ, ਸ਼ਹੀਦ ਭਾਈ ਬਖਸੀਸ ਸਿੰਘ ਹਿੰਮਤਪੁਰਾ ਦੇ ਮੁੱਖ ਸੇਵਾਦਾਰ ਸਵਰਗੀ ਬਾਬਾ ਕੁਲਦੀਪ ਸਿੰਘ ਅਤੇ ਅਜੋਕੇ ਸੇਵਾਦਾਰ ਬਾਬਾ ਜੀਤ ਸਿੰਘ ਜੀ ਨੇ ਇਨ੍ਹਾਂ ਸਥਾਨਾਂ ਦੀ ਕਾਰਸੇਵਾ ਅਤੇ ਇਤਿਹਾਸ ਦੀ ਸੰਭਾਲ ਸੰਬੰਧੀ ਵੱਡਮੁਲਾ ਹਿੱਸਾ ਪਾਇਆ ਹੈ।

-o-o-o-

# ਜਗਤ ਦੀ ਨਾਸ਼ਮਾਨਤਾ ਦਾ ਬੋਧ
# (ਕਬੀਰ ਸਾਹਿਬ ਜੀ ਦੇ ਬਾਣੀ 'ਤੇ ਆਧਾਰਿਤ)

-ਡਾ.ਪਰਮਜੀਤ ਸਿੰਘ

ਸਾਰੇ ਸੰਤਾਂ, ਮਹਾਂਪੁਰਖਾਂ ਅਤੇ ਗੁਰੂਆਂ ਨੇ ਮਨੁੱਖ ਨੂੰ ਇਸ ਜਗਤ ਦੀ ਨਾਸ਼ਮਾਨਤਾ ਦਾ ਬੋਧ ਕਰਾਉਣ ਲਈ ਆਪਣੇ ਪ੍ਰਵਚਨਾਂ ਅਤੇ ਬਾਣੀ ਦੇ ਰਾਹੀਂ ਸਦਾ ਹਰ ਸਮੇਂ ਜਤਨ ਕੀਤੇ ਹਨ। ਕਬੀਰ ਸਾਹਿਬ ਨੇ ਵੀ ਇਸ ਸੰਸਾਰ ਅਤੇ ਇਸ ਵਿਚਲੇ ਜੀਵਨ ਦੀ ਨਾਸ਼ਮਾਨਤਾ ਦਾ ਬੋਧ ਕਰਾਉਂਦੇ ਹੋਏ, ਜਗਤ ਦੇ ਜੀਵਨ ਦੀ ਰਾਤ ਦੇ ਸੁਪਨੇ ਨਾਲ ਤੁਲਨਾ ਦਿੱਤੀ ਹੈ ਜਿਵੇਂ ਮਨੁੱਖ ਨੇ ਰਾਤ ਦੇ ਸੁੱਤਿਆਂ ਹੋਇਆ ਜੋ ਸੁਪਨੇ ਵਾਲਾ ਜੀਵਨ ਦ੍ਰਿਸ਼ ਮਹਿਸੂਸ ਹੁੰਦਾ ਹੈ, ਉਹ ਅਸਲ ਵਿੱਚ ਸੱਚਾ ਨਹੀਂ ਹੁੰਦਾ। ਸੁਪਨਾ ਟੁੱਟਣ ਤੇ ਫਿਰ ਉਸੇ ਪਹਿਲੇ ਵਾਲੀ ਜੀਵਨ ਦਸ਼ਾ ਹੁੰਦੀ ਹੈ। ਕਬੀਰ ਸਾਹਿਬ ਜੀ ਦਾ ਫੁਰਮਾਨ ਹੈ :

ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ ॥
ਸਾਚੁ ਕਰਿ ਹਮ ਗਾਠਿ ਦੀਨੀ ਛੋਡਿ ਪਰਮ ਨਿਧਾਨੰ ॥੧॥ (ਅੰਗ ੪੯੨)

ਹੇ ਮਨੁੱਖ ਤੇਰਾ ਇਹ ਸੰਸਾਰਕ ਜੀਵਨ ਇਉਂ ਹੈ ਜਿਵੇਂ ਕਿ ਇੱਕ ਸੁਪਨਾ ਪਰ ਤੂੰ ਇਸ ਸੁਪਨਈ ਜੀਵਨ ਨੂੰ ਸੱਚਾ ਜਾਣ ਕੇ ਇਸ ਨਾਲ ਆਪਣੀ ਗੰਢ ਜੋੜ ਲਈ ਹੈ ਅਰਥਾਤ ਪੱਕਾ ਨਾਤਾ ਜੋੜ ਲਿਆ ਹੈ ਅਤੇ ਪਰਮ ਸੁੱਖਾਂ ਦੇ ਖਜ਼ਾਨੇ ਪਰਮਾਤਮਾ ਨੂੰ ਭੁੱਲ ਗਿਆ ਹੈ।

ਆਪ ਫੁਰਮਾਉਂਦੇ ਹਨ ਕਿ ਹੇ ਮੇਰੇ ਬਉਰੇ ਮਨ ਤੂੰ ਜੋ ਇਸ ਸੰਸਾਰ ਦੇ ਪਾਸਾਰੇ ਨੂੰ ਵੇਖ ਰਿਹਾ ਹੈ, ਇਸ ਦਾ ਰੰਗ ਕਸੁੰਭੇ ਵਰਗਾ ਹੈ ਅਰਥਾਤ ਥੋੜ ਚਿਰਾ ਹੈ ਪਰ ਇਸ ਵਿੱਚ ਹੀ ਖਚਿਤ ਹੋ ਕੇ ਰਹਿ ਗਿਆ ਹੈ।

ਜਿਉ ਨਲਨੀ ਸੂਅਟਾ ਗਹਿਓ ਮਨ ਬਉਰਾ ਰੇ ਮਾਯਾ ਇਹੁ ਬਿਉਹਾਰੁ ॥
ਜੈਸਾ ਰੰਗੁ ਕਸੁੰਭ ਕਾ ਮਨ ਬਉਰਾ ਰੇ ਤਿਉ ਪਸਰਿਓ ਪਾਸਾਰੁ ॥੩॥
(ਅੰਗ-੩੩੬)

ਤੋਤੇ ਦੀ ਉਦਾਹਰਣ ਦਿੰਦੇ ਹੋਏ ਆਪ ਜੀ ਫੁਰਮਾਂਦੇ ਹਨ ਕਿ ਜਿਵੇਂ ਆਪਣੀ ਭੁੱਲ ਕਰ ਕੇ ਨਲਿਨੀ ਦੇ ਰਾਹੀਂ ਜੰਜਾਲ ਵਿੱਚ ਫਸ ਜਾਂਦਾ ਹੈ ਇਵੇਂ ਹੀ ਇਹ ਝੱਲਾ ਹੋਇਆ ਮਨੁੱਖ ਮਾਇਆ ਦੇ ਜਾਲ ਵਿੱਚ ਫਸ ਜਾਂਦਾ ਤੇ ਇਸੇ ਨੂੰ ਸੱਚ ਮੰਨੀ ਤੁਰਿਆ ਜਾਂਦਾ ਹੈ। ਪਰ ਇਹ ਨਹੀਂ ਜਾਣਦਾ ਕਿ ਇਸ ਸੰਸਾਰ ਦਾ ਸਾਰਾ ਮਾਇਆ ਦਾ ਪਸਾਰਾ ਕਸੁੰਭੇ ਦੇ ਰੰਗ ਦੇ ਸਮਾਨ ਹੈ, ਜੋ ਨਾਸ਼ਮਾਨ ਹੈ।

ਕਬੀਰ ਸਾਹਿਬ ਇਸ ਸੰਸਾਰ ਦੀ ਤੁਲਨਾ ਕਾਜਲ ਦੀ ਕੋਠੜੀ ਨਾਲ ਵੀ ਕਰਦੇ ਹੋਏ ਆਖਦੇ ਹਨ ਕਿ ਇਹ ਸੰਸਾਰ ਮਾਇਆ ਰੂਪੀ ਅਗਿਆਨਤਾ ਨਾਲ ਭਰੀ ਹੋਈ ਕੋਠੜੀ ਦੇ ਸਮਾਨ ਹੈ ਅਤੇ ਅਗਿਆਨੀ ਮਨੁੱਖ ਇਸ ਦੀ ਅਸਲੀਅਤ ਨੂੰ ਨਾ ਸਮਝਦੇ ਹੋਏ ਇਸ ਕੋਠੜੀ ਵਿੱਚ ਫਸਿਆ ਗਿਰਦਾ ਜਾਂਦਾ ਹੈ। ਪਰ ਉਹ ਜਿਨ੍ਹਾਂ ਨੂੰ ਇਸ ਗੱਲ ਦੀ ਸੋਝੀ ਪੈ ਗਈ ਹੈ, ਉਸ ਮਾਇਆ ਦੀ ਕੋਠੜੀ ਵਿੱਚ ਰਹਿਕੇ ਉਸ ਦੀ ਕਾਲਖ ਵਿੱਚੋਂ ਨਿਕਲ ਜਾਂਦੇ ਹਨ, ਉਨ੍ਹਾਂ ਨੂੰ ਮਾਇਆ ਪੋਹ ਨਹੀਂ ਸਕਦੀ, ਕਿਉਂਕਿ ਉਹ ਇਸ ਦੀ ਨਾਸ਼ਮਾਨਤਾ ਨੂੰ ਜਾਣ ਲੈਂਦੇ ਹਨ। ਕਬੀਰ ਸਾਹਿਬ ਆਖਦੇ ਹਨ ਕਿ ਮੈਂ ਅਜਿਹੇ ਜੀਵਾਂ ਤੋਂ ਬਲਿਹਾਰ ਜਾਂਦਾ ਹਾਂ :

ਕਬੀਰ ਜਗੁ ਕਾਜਲ ਕੀ ਕੋਠਰੀ ਅੰਧ ਪਰੇ ਤਿਸ ਮਾਹਿ ॥
ਹਉ ਬਲਿਹਾਰੀ ਤਿਨ ਕਉ ਪੈਸਿ ਜੁ ਨੀਕਸਿ ਜਾਹਿ ॥੨੬॥ (ਅੰਗ-੧੩੬੫)

ਕਬੀਰ ਸਾਹਿਬ ਫੁਰਮਾਂਦੇ ਹਨ ਹੇ ਜੀਵ ! ਤੇਰਾ ਇਹ ਤਨ ਵੀ ਨਹੀਂ ਰਹਿਣਾ ਇੱਕ ਦਿਨ ਇਹ ਬਿਨਸ ਜਾਏਗਾ, ਇਸ ਲਈ ਇਸ ਨੂੰ ਚੰਗੇ ਅਰਥਾਂ ਵਿੱਚ ਬਚਾਉਣ ਦੇ ਜਤਨ ਕਰ ਤੇ ਕੇਵਲ ਲੱਖਾਂ ਕਰੋੜਾਂ ਦੀ ਮਾਇਆ ਦੇ ਜੋੜਨ ਵਿੱਚ ਹੀ ਨਾ ਗੁਆ ਦੇ, ਕਿਉਂਕਿ ਅੰਤ ਨੂੰ ਸਭ ਨੇ ਖਾਲੀ ਹੱਥੀ, ਨੰਗੇ ਪੈਰੀ ਹੀ ਇਸ ਸੰਸਾਰ ਤੋਂ ਜਾਣਾ ਹੈ। ਜੇ ਇਸ ਤਨ ਨੇ ਅੰਤ ਨੂੰ ਨਾਸ ਹੀ ਹੋਣਾ ਹੈ ਤਾਂ ਇਸ ਨੂੰ ਕਿਸੇ ਮਾਰਗ ਉਪਰ ਲਗਾ। ਤੂੰ ਸੰਤਾਂ ਦੀ ਨਾਮ ਜਪਣ ਵਾਲੇ ਸੰਗੀਆਂ ਦੀ ਸੰਗਤ ਕਰ ਜਾਂ ਸਦਾ ਹਰੀ ਪਰਮਾਤਮਾ ਦੇ ਗੁਣ ਗਾਉਂਦਾ ਰਹੋ।

ਇਹ ਦਿਸਦੇ ਸੰਗੀ ਸਾਥੀ ਤੇ ਪਰਿਵਾਰ ਜੋ ਤੈਨੂੰ ਆਪਣਾ ਨਜ਼ਰ ਆਉਂਦਾ ਹੈ, ਉਹ ਸਭ ਉਤਨੀ ਦੇਰ ਹੀ ਤੇਰਾ ਸਾਥ ਹਨ ਜਦ ਕਿ ਤੇਰੇ ਸਰੀਰ ਵਿੱਚ ਪ੍ਰਾਣ ਚਲਦੇ ਹਨ। ਅੰਤ ਨੂੰ ਸਭ ਤੇਰਾ ਸਾਥ ਛੱਡ ਕੇ ਚਲੇ ਜਾਣਗੇ ਤੇ ਤੈਨੂੰ ਇਕੱਲੇ ਨੂੰ ਹੀ ਅਗਲੇ ਰਾਹ ਤੇ ਜਾਣਾ ਪਵੇਗਾ।

ਜਉ ਲਗੁ ਪ੍ਰਾਨ ਤਊ ਲਗੁ ਸੰਗੇ ॥ ਨਾਹਿ ਤ ਚਲੀ ਬੇਗਿ ਉਠਿ ਨੰਗੇ ॥ (ਅੰਗ-੮੭੨)

ਹੇ ਜੀਵ ! ਤੇਰਾ ਸਾਰਾ ਜੀਵਨ ਅਤੇ ਜੁਆਨੀ ਵਿਅਰਥ ਹੀ ਚਲੀ ਗਈ ਅਤੇ ਤੂੰ ਕੋਈ ਨੇਕੀ ਵਾਲਾ ਕੰਮ ਨਹੀਂ ਕੀਤਾ ਅਤੇ ਇਹ ਅਨਮੋਲ ਜੀਵਨ ਕੁਝ ਕੌਡੀਆਂ (ਮਾਇਆ) ਦੇ ਇਕੱਤਰ ਕਰਨ ਵਿੱਚ ਹੀ ਵਿਅਰਥ ਗੁਆ ਲਿਆ।

ਜਰਾ ਜੀਵਨ ਜੋਬਨੁ ਗਇਆ ਕਿਛੁ ਕੀਆ ਨ ਨੀਕਾ ॥
ਇਹੁ ਜੀਅਰਾ ਨਿਰਮੋਲਕੋ ਕਉਡੀ ਲਗਿ ਮੀਕਾ ॥੩॥ (ਅੰਗ-੮੫੬)

ਜਿਤਨਾ ਚਿਰ ਤੇਰੇ ਸਰੀਰ ਰੂਪੀ ਦੀਵੇ ਵਿੱਚ ਆਤਮਿਕ ਜੋਤੀ ਰੂਪੀ ਤੇਲ ਹੈ ਉਤਨੀ ਦੇਰ ਤੇਰੀ ਜਬਾਨ ਚਲ ਰਹੀ ਹੈ ਤੇ ਤੂੰ ਕੰਮ ਕਰ ਰਿਹਾ ਹੈ ਅਤੇ ਸਾਰੇ ਸੰਸਾਰੀ ਧੰਧੇ ਕਰਨੇ ਸੁੱਝ ਰਹੇ ਹਨ, ਪਰ ਜਦੋਂ ਇਹ ਤੇਲ ਮੁੱਕ ਗਿਆ ਤੇ ਜੀਵਨ ਦੀ ਬੱਤੀ ਰੁੱਕ ਗਈ ਤੇ ਸਰੀਰ ਉਸ ਜੋਤੀ ਤੋਂ ਸੱਖਣਾ ਕੇਵਲ ਇੱਕ ਲਾਸ਼ ਬਣ ਕੇ ਰਹਿ ਜਾਵੇਗਾ। ਇਸ ਲਈ ਹੇ ਝੱਲੇ ਮਨੁੱਖ

! ਤੈਨੂੰ ਇੱਕ ਘੜੀ ਭਰ ਲਈ ਵੀ ਕੋਈ ਘਰ ਨਹੀਂ ਰੱਖੇਗਾ, ਇਸ ਲਈ ਉਸ ਪਰਮਾਤਮਾ ਦੇ ਨਾਮ ਦਾ ਜਾਪ ਕਰ।

ਆਸਾ ॥ ਜਬ ਲਗੁ ਤੇਲੁ ਦੀਵੇ ਮੁਖਿ ਬਾਤੀ ਤਬ ਸੂਝੈ ਸਭੁ ਕੋਈ ॥ ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰੁ ਹੋਈ ॥੧॥ ਰੇ ਬਉਰੇ ਤੁਹਿ ਘਰੀ ਨ ਰਾਖੈ ਕੋਈ ॥ ਤੂੰ ਰਾਮ ਨਾਮੁ ਜਪਿ ਸੋਈ ॥੧॥ (ਅੰਗ-੪੭੮)

ਇਸ ਤਨ ਨੇ ਤਾਂ ਅੰਤ ਮਰਨ ਪਿੱਛੋਂ ਸੜ ਕੇ ਸੁਆਹ ਹੋ ਜਾਣਾ ਹੈ। ਜੇਕਰ ਮਿੱਟੀ ਵਿੱਚ ਦਬਾਇਆ ਜਾਵੇ ਤਾਂ ਉਥੇ ਕੀੜਿਆਂ ਦਾ ਦਲ ਜਿਸਮ ਨੰ ਖਾ ਜਾਵੇਗਾ। ਇਹ ਤਾਂ ਇਉਂ ਹੈ ਕਿ ਜਿਵੇਂ ਕੱਚੇ ਘੜੇ ਵਿੱਚ ਪਿਆ ਹੋਇਆ ਪਾਣੀ ਕਿਤਨੀ ਕੁ ਦੇਰ ਠਹਿਰ ਸਕੇਗਾ, ਇਸੇ ਪ੍ਰਕਾਰ ਇਹ ਤਨ ਦੀ ਵੀ ਇਹੀ ਦਸ਼ਾ ਅੰਤ ਨੂੰ ਹੋਣੀ ਹੈ।

ਜਬ ਜਰੀਐ ਤਬ ਹੋਇ ਭਸਮ ਤਨੁ ਰਹੈ ਕਿਰਮ ਦਲ ਖਾਈ ॥
ਕਾਚੀ ਗਾਗਰਿ ਨੀਰੁ ਪਰਤੁ ਹੈ ਇਆ ਤਨ ਕੀ ਇਹੈ ਬਡਾਈ ॥ (ਅੰਗ-੬੫੪)

ਇਹ ਸਰੀਰ ਤੇ ਹੱਡੀਆਂ ਸਭ ਲੱਕੜੀ ਵਾਂਗ ਜਲ ਕੇ ਸੁਆਹ ਹੋ ਜਾਏਗਾ ਅਤੇ ਕੇਸ ਇਉਂ ਸੜਨਗੇ ਜਿਵੇਂ ਕੋਈ ਘਾਹ ਦਾ ਪੂਲਾ ਸੜਦਾ ਹੈ। ਕਬੀਰ ਸਾਹਿਬ ਸੰਸਾਰ ਦੀ ਇਸ ਤਰ੍ਹਾਂ ਜਲਦਿਆਂ ਦੀ ਦਸ਼ਾ ਦੇਖ ਕੇ ਉਦਾਸ ਹੋ ਜਾਂਦੇ ਹਨ :

ਕਬੀਰ ਹਾਡ ਜਰੇ ਜਿਉ ਲਾਕਰੀ ਕੇਸ ਜਰੇ ਜਿਉ ਘਾਸੁ ॥
ਇਹੁ ਜਗੁ ਜਰਤਾ ਦੇਖਿ ਕੈ ਭਇਓ ਕਬੀਰੁ ਉਦਾਸੁ ॥੩੬॥ (ਅੰਗ-੧੩੬੬)

ਫਿਰ ਆਪ ਜੀ ਆਖਦੇ ਹਨ :

ਕਬੀਰ ਮਰਤਾ ਮਰਤਾ ਜਗੁ ਮੂਆ ਮਰਿ ਭੀ ਨ ਜਾਨਿਆ ਕੋਇ ॥
ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ ॥੨੯॥ (ਅੰਗ-੧੩੬੫-੬੬)

ਅਰਥਾਤ ਸੰਸਾਰ ਵਿੱਚ ਹਰ ਕਈ ਮਰ ਰਿਹਾ ਹੈ ਪਰ ਮਰਨ ਦੀ ਅਸਲ ਬਿਧ ਕੋਈ ਜਾਣਦਾ ਨਹੀਂ। ਪਰ ਜੋ ਜੀਵ ਅਜਿਹੀ ਮਰਨੀ ਮਰਦਾ ਹੈ ਜੋ ਮਾਇਆ ਵਲੋਂ ਮਰ ਕੇ ਆਤਮਿਕ ਜੀਵਨ ਜੀਉਂਦਾ ਹੈ, ਉਹ ਫਿਰ ਜਨਮ ਮਰਨ ਦੇ ਗੇੜ ਤੋਂ ਮੁਕਤੀ ਪਾ ਲੈਂਦਾ ਹੈ।

ਕਬੀਰ ਸਾਹਿਬ ਜੀਵ ਨੂੰ ਚਿਤਾਵਨੀ ਦੇਂਦੇ ਹੋਏ ਸਮਝਾ ਰਹੇ ਹਨ ਕਿ ਤੂੰ ਮਨ ਮੰਨੀਆਂ ਮੌਜਾਂ ਮਾਣ ਲੈ, ਪਰ ਸੰਸਾਰ ਦੀਆਂ ਇਹ ਮੌਜਾਂ ਸਦਾ ਲਈ ਨਹੀਂ ਰਹਿਣੀਆਂ, ਇਹ ਕੇਵਲ ਗਿਣਤੀ ਦੇ ਦਸ ਦਿਨਾਂ ਦੇ ਲਈ ਹਨ ਜਿਵੇਂ ਨਦੀ ਤੋਂ ਪਾਰ ਲੰਘਣ ਲਈ ਬੇੜੀ ਵਿੱਚ ਬੈਠੇ ਮੁਸਾਫਰ ਦਾ ਮਿਲਾਪ ਹੈ, ਮੁੜ ਉਹ ਸਾਰੇ ਕਦੇ ਨਹੀਂ ਮਿਲਦੇ, ਇਸੇ ਤਰ੍ਹਾਂ ਇਹ ਮਨੁੱਖਾ ਸਰੀਰ ਮੁੜ ਨਹੀਂ ਮਿਲੇਗਾ।

ਕਬੀਰ ਨਉਬਤਿ ਆਪਨੀ ਦਿਨ ਦਸ ਲੇਹੁ ਬਜਾਇ ॥
ਨਦੀ ਨਾਵ ਸੰਜੋਗ ਜਿਉ ਬਹੁਰਿ ਨ ਮਿਲਹੈ ਆਇ ॥ (ਅੰਗ-੧੩੬੮)

ਕਬੀਰ ਸਾਹਿਬ ਫੁਰਮਾਂਦੇ ਹਨ ਕਿ ਮਰਦਿਆਂ ਖਪਦਿਆਂ ਜੀਵਾਂ ਨੂੰ ਕਈ ਜਨਮ ਲੰਘ ਗਏ ਪਰ ਗੇੜ ਵਿੱਚ ਪਿਆ ਅਜੇ ਤਕ ਇੱਕ ਪ੍ਰਭੂ ਨੂੰ ਯਾਦ ਨਹੀਂ ਕਰਦਾ। ਹੁਣ ਐਸੇ ਜਨਮ ਵਿੱਚ ਹੀ ਜਗਤ ਦੀ ਅਸਲੀਅਤ ਨੂੰ ਸਮਝ ਕੇ ਇਸ ਦਾ ਮਨ ਪ੍ਰਭੂ ਦੇ ਨਾਮ ਵਿੱਚ ਟਿੱਕ ਜਾਵੇ ਤਾਂ ਜਿਸ ਪ੍ਰਭੂ ਤੋਂ ਵਿਛੜਿਆ ਹੋਇਆ ਹੈ, ਉਸ ਵਿੱਚ ਟਿਕਾਣਾ ਮਿਲ ਸਕਦਾ ਹੈ :

ਖਖਾ ਖਿਰਤ ਖਪਤ ਗਏ ਕੇਤੇ ॥ ਖਿਰਤ ਖਪਤ ਅਜਹੂੰ ਨਹ ਚੇਤੇ ॥
ਅਬ ਜਗੁ ਜਾਨਿ ਜਉ ਮਨਾ ਰਹੈ ॥ ਜਹ ਕਾ ਬਿਛੁਰਾ ਤਹ ਥਿਰੁ ਲਹੈ ॥
(ਅੰਗ-੩੪੨)

ਮਨੁੱਖ ਨੂੰ ਮੌਤ ਯਾਦ ਨਹੀਂ ਆਉਂਦੀ। ਪਰ ਹੇ ਮਨ ! ਜਦੋਂ ਜਮ ਨੇ ਆ ਕੇ ਕੇਸਾਂ ਤੋਂ ਫੜ ਕੇ ਤੈਨੂੰ ਭੁੰਞੇ ਪਟਕਾਇਆ, ਤਦੋਂ ਤੇਰੀ ਉਸ ਅੱਗੇ ਕੋਈ ਪੇਸ਼ ਨਹੀਂ ਜਾਏਗੀ। ਤੂੰ ਹੁਣ ਪ੍ਰਭੂ ਦਾ ਸਿਮਰਨ ਭਜਨ ਨਹੀਂ ਕਰਦਾ, ਤੂੰ ਦਇਆ ਨਹੀਂ ਪਾਲਦਾ, ਮਰਨ ਵੇਲੇ ਦੁੱਖੀ ਹੋਵੇਗਾ।

ਜਉ ਜਮੁ ਆਇ ਕੇਸ ਗਹਿ ਪਟਕੈ ਤਾ ਦਿਨ ਕਿਛੁ ਨ ਬਸਾਹਿਗਾ ॥
ਸਿਮਰਨੁ ਭਜਨੁ ਦਇਆ ਨਹੀ ਕੀਨੀ ਤਉ ਮੁਖਿ ਚੋਟਾ ਖਾਹਿਗਾ ॥੨॥
(ਅੰਗ-੧੧੦੬)

ਇਸ ਨਾਸ਼ਮਾਨ ਸੰਸਾਰ ਵਿੱਚ ਮਾਇਆ ਦੀ ਕਾਲਖ ਕਰਕੇ ਮਨ ਸਦਾ ਭਟਕਦਾ ਰਹਿੰਦਾ ਹੈ ਅਤੇ ਕਿਤੇ ਵੀ ਸ਼ਾਂਤੀ ਪ੍ਰਤੀਤ ਨਹੀਂ ਹੁੰਦੀ। ਇਸ ਮਨ ਦੀ ਭਟਕਣਾ ਤੋਂ ਬਚਣ ਦਾ ਰਾਹ ਦੱਸਦੇ ਹੋਏ ਕਬੀਰ ਸਾਹਿਬ ਫੁਰਮਾਂਦੇ ਹਨ :

ਕਬੀਰ ਦੇਖਿ ਦੇਖਿ ਜਗੁ ਢੂੰਢਿਆ ਕਹੂੰ ਨ ਪਾਇਆ ਠਉਰੁ ॥
ਜਿਨਿ ਹਰਿ ਕਾ ਨਾਮੁ ਨ ਚੇਤਿਓ ਕਹਾ ਭੁਲਾਨੇ ਅਉਰ ॥੯੨॥ (ਅੰਗ-੧੩੬੯)

ਕਬੀਰ ਸਾਹਿਬ ਫੁਰਮਾਂਦੇ ਹਨ ਕਿ ਮੈਂ ਬੜੀ ਮਿਹਨਤ ਨਾਲ ਸਾਰਾ ਜਗਤ ਢੂੰਡ ਵੇਖਿਆ ਹੈ, ਕਿਤੇ ਵੀ ਅਜੇਹਾ ਥਾਂ ਨਹੀਂ ਲੱਭਾ ਜਿਥੇ ਮਨ ਭਟਕਣੋਂ ਹੱਟ ਜਾਵੇ। ਜਿਸ ਮਨੁੱਖ ਨੇ ਪਰਮਾਤਮਾ ਦਾ ਨਾਮ ਨਹੀਂ ਸਿਮਰਿਆ, ਉਸ ਨੂੰ ਕਿਤੇ ਵੀ ਮਨ ਦੀ ਸ਼ਾਂਤੀ ਦਾ ਥਾਂ ਨਹੀਂ ਲੱਭ ਸਕਿਆ। ਪ੍ਰਭੂ ਦਾ ਨਾਮ ਹੀ ਹੈ ਜੋ ਸਤਿਸੰਗ ਵਿਚੋਂ ਮਿਲਦਾ ਹੈ, ਭਟਕਣ ਤੋਂ ਬਚਾਉਂਦਾ ਹੈ। ਸਿਫਤ ਸਾਲਾਹ ਛੱਡ ਕੇ ਕਿਉਂ ਹੋਰ ਹੋਰ ਥਾਂ ਭਟਕਦੇ ਫਿਰਦੇ ਹੋ।

-o-o-o-

# ‘ਅਮਲਤਾਸ’ (Cassia Fistula)

-ਸ.ਸੁਰਿੰਦਰ ਸਿੰਘ, ਵੈਦਰਾਜ, ਮੋ : 9501017194

ਅਮਲਤਾਸ ਇੱਕ ਮਸ਼ਹੂਰ ਦਰਖਤ ਦਾ ਫਲ ਹੈ। ਇਹ ਦਰਖਤ ਭਾਰਤ, ਪਾਕਿਸਤਾਨ ਦੇ ਹਰ ਹਿੱਸੇ ਤੋਂ ਇਲਾਵਾ ਬਰਾਜੀਲ, ਅਫਰੀਕਾ ਵਿੱਚ ਆਮ ਪੈਦਾ ਹੁੰਦਾ ਹੈ। ਇਸ ਦੇ ਪੱਤੇ ਜਾਮਨ ਦੇ ਪੱਤਿਆਂ ਦੀ ਤਰ੍ਹਾਂ, ਫੁੱਲ ਗੋਲ ਗੁਛਿਆਂ ਦੀ ਸ਼ਕਲ ਵਿੱਚ ਪੀਲੇ ਰੰਗ ਦੇ ਫਲ ਵੀ ਗੋਲ ਲਗਭਗ ਇੱਕ ਹੱਥ ਲੰਬਾ ਹੁੰਦਾ ਹੈ। ਕੱਚਾ ਫਲ ਹਰੇ ਰੰਗ ਦਾ ਹੁੰਦਾ ਹੈ। ਪੱਕ ਕੇ ਲਕੜੀ ਦੀ ਤਰ੍ਹਾਂ ਸਖਤ ਅਤੇ ਕਾਲੇ ਰੰਗ ਦਾ ਹੋ ਜਾਂਦਾ ਹੈ। ਇਸ ਦੇ ਅੰਦਰ ਪਰਦੇ, ਬੀਜ, ਕਾਲੇ ਰੰਗ ਦਾ ਗੁਦਾ ਹੁੰਦਾ ਹੈ। ਜਿਹੜਾ ਦਵਾਈ ਦੇ ਲਈ ਵਰਤਿਆ ਜਾਂਦਾ ਹੈ। ਇਸ ਦਾ ਸੁਆਦ ਮਿਠਾ, ਕਸੈਲਾ ਅਤੇ ਬਦਬੂਦਾਰ ਹੁੰਦਾ ਹੈ। ਇਹ ਪਹਿਲੇ ਦਰਜੇ ਦਾ ਗਰਮ ਤਰ ਹੈ। ਜਿਆਦਾ ਪ੍ਰਯੋਗ ਕਰਨ ਨਾਲ ਇਹ ਉਲਟੀ ਮਰੋੜ, ਪੇਚਿਸ ਪੈਦਾ ਕਰਦਾ ਹੈ। ਇਸ ਦਾ ਜਹਿਰੀਲਾ ਪਨ, ਬਾਦਾਮ ਰੋਗਨ, ਮਗ਼ਜ ਕਦੂ ਨਾਲ ਦੂਰ ਹੁੰਦਾ ਹੈ। ਇਹ ਵਾਤ ਪਿੱਤ ਨੂੰ ਸਾਂਤ ਕਰਦਾ ਹੈ।

ਨਾਮ:ਹਿੰਦੀ-ਅਮਲਤਾਸ; ਮਰਾਠੀ-ਬਾਹਵਾ; ਗੁਜਰਾਤੀ-ਗਰਮਾਲੋ; ਰਾਜਸਥਾਨੀ-ਕਿਰਮਾਲਾ, ਕਿਰਮਾਲੋ; ਪੰਜਾਬੀ-ਅਮਲਤਾਸ, ਗਿਰਦਨਲੀ; ਸਿੰਧੀ-ਛਿਮਕਣੀ; ਬੰਗਲਾ-ਸੋਂਦਾਲ; ਕੰਨੜ-ਫਲੂਸ; ਫਾਰਸੀ-ਖਿਆਰ ਚੰਵਰ; ਅੰਗ੍ਰੇਜੀ-Purging Cassia; Latin-Cassia Fistula linn.

ਮਾਤਰਾ : ਫਲ ਦਾ ਗੁੱਦਾ ੫-੧੦ ਗ੍ਰਾਮ, ਜੜ੍ਹ ਦਾ ਕਾੜ੍ਹਾ-੫-੧੦ ਐਮ.ਐਲ., ਫੁਲ-੫-੧੦ ਗ੍ਰਾਮ ਪਤਿਆਂ ਦਾ ਬਾਹਰੀ ਪ੍ਰਯੋਗ ਕੀਤਾ ਜਾਂਦਾ ਹੈ।

ਜਿਸ ਸਮੇਂ ਅਮਲਤਾਸ ਦੇ ਫਲ ਪੱਕ ਜਾਣ ਉਨ੍ਹਾਂ ਨੂੰ ਤੋੜ ਲਓ। ਇਹ ਵਧੀਆ ਭਾਰੀ ਅਮਲਤਾਸ ਦੀਆਂ ਫਲੀਆਂ ਨੂੰ ਰੇਤ ਦੇ ਢੇਰ ਵਿੱਚ ਗੱਡ ਦਿਓ। ਸਤ ਦਿਨ੍ਹਾਂ ਬਾਦ ਧੁੱਪ ਵਿੱਚ ਸੁੱਕਾ ਲਓ। ਚੰਗੀ ਤਰ੍ਹਾਂ ਸੁੱਕ ਜਾਣ ਤੇ ਇਨ੍ਹਾਂ ਫਲੀਆਂ ਦਾ ਗੁਦਾ ਕੱਢ ਕਿਸੇ ਸਾਫ ਭਾਂਡੇ ਵਿੱਚ ਪਾ ਲਓ। ਢਕ ਕੇ ਰੱਖ ਲਓ। ਫਿਰ ਦਵਾਈ ਲਈ ਪ੍ਰਯੋਗ ਕਰੋ।

ਆਓ ਅਮਲਤਾਸ ਦੇ ਘਰੇਲੂ ਚਿਕਿਤਸਾ ਦੇ ਪ੍ਰਯੋਗਾਂ ਬਾਰੇ ਵਿਚਾਰ ਕਰੀਏ।

ਘਰੇਲੂ ਅਯੂਰਵੈਦਿਕ ਪ੍ਰਯੋਗ : ਅਮਲਤਾਸ ਦੇ ਹੇਠ ਲਿਖੇ ਘਰੇਲੂ ਪ੍ਰਯੋਗਾਂ ਦਾ ਵੇਰਵਾ ਇਸ ਪ੍ਰਕਾਰ ਹੈ।

## ਅੰਦਰੂਨੀ ਪ੍ਰਯੋਗ :

੧. ਕਬਜ਼ : ਅਮਲਤਾਸ ਦਾ ਗੁਦਾ ੧੦ ਗ੍ਰਾਮ+ਹਰੜ ੫ ਗ੍ਰਾਮ+ਬੀਜ ਕਢਿਆ ਮੁਨੱਕਾ ੧੦ ਗ੍ਰਾਮ ਇਨ੍ਹਾਂ ਸਾਰਿਆ ਨੂੰ ਮਿਲਾ ਕੇ ੪੦੦ ਗ੍ਰਾਮ ਜਲ ਨਾਲ ਕਾੜਾ ਬਣਾਓ। ਜਦੋਂ ੫੦ ਗ੍ਰਾਮ ਜਲ ਬਾਕੀ ਰਹਿ ਜਾਵੇ। ਛਾਣ ਕੇ ਸਵੇਰੇ ਸ਼ਾਮ ੩-੪ ਦਿਨ ਤਕ ਪਿਲਾਓ ਇਸ ਨਾਲ ਕਬਜ਼ ਦੂਰ ਹੋ ਜਾਂਦੀ ਹੈ ਪਾਖਾਨਾ ਖੁੱਲ੍ਹ ਕੇ ਆ ਜਾਂਦਾ ਹੈ। ਇਸ ਦੇ ਨਾਲ ਪੇਟ ਦਰਦ ਵੀ ਦੂਰ ਹੋ ਜਾਂਦਾ ਹੈ।

੨. ਵਾਤ ਕਫ ਬੁਖਾਰ : ਅਮਲਤਾਸ+ਪਿਪਲਾਮੂਲ+ਨਾਗਰ ਮੋਥਾ+ਕੁਟਕੀ+ਹਰੜ ਸਭ ਬਰਾਬਰ ਵਜਨ ਲੈ ਕੇ ਮੋਟਾ ਮੋਟਾ ਕੁੱਟ ਲਓ। ਇਸ ਦੀ ੨੦ ਗ੍ਰਾਮ ਦੀ ਮਾਤਰਾ ਲੈ ਕੇ ੨੦੦ ਗ੍ਰਾਮ ਪਾਣੀ ਵਿੱਚ ਉਬਾਲੋ ੬੦-੭੦ ਗ੍ਰਾਮ ਜਦੋਂ ਪਾਣੀ ਰਹਿ ਜਾਵੇ ਛਾਣ ਕੇ ਇਸ ਨੂੰ ਪਿਲਾ ਦਿਓ। ਇਹ ਕਾੜ੍ਹਾ ਕਬਜ਼, ਵਾਤ ਪਿੱਤ ਬੁਖਾਰ ਲਈ ਲਾਭਦਾਇਕ ਹੈ।

੩. ਪੇਟ ਦੇ ਕੀੜੇ : ੨੦ ਗ੍ਰਾਮ ਅਮਲਤਾਸ ਦੀ ਫਲੀ ਦਾ ਗੁਦਾ + ੫ ਗ੍ਰਾਮ ਬਾਬੜਿੰਗ। ਇਸ ਦਾ ੨੫੦ ਗ੍ਰਾਮ ਪਾਣੀ ਕਾੜਾ ਕਰੋ ਜਦੋ ੬੦-੭੦ ਗ੍ਰਾਮ ਰਹਿ ਜਾਵੇ ਇਸ ਨੂੰ ਅੱਗ ਤੋਂ ਉਤਾਰ ਕੇ ੨੦ ਐਮ.ਐਲ. ਅਰਿੰਡ ਦਾ ਤੇਲ ਮਿਲਾ ਕੇ ਸਵੇਰੇ ਪਿਲਾਉਣ ਦੇ ਨਾਲ ੩-੪ ਘੰਟੇ ਵਿੱਚ ਬਾਰੀਕ ਕੀੜੇ ਟੱਟੀ ਦੇ ਰਸਤੇ ਨਿਕਲ ਜਾਂਦੇ ਹਨ। ਜਰੂਰੀ ਸਮਝੋ ੩-੪ ਦਿਨ ਤਕ ਪ੍ਰਯੋਗ ਕਰ ਸਕਦੇ ਹੋ।

੪. ਬੱਚੇ ਦੀ ਪੈਦਾਇਸ਼ ਦੀ ਸੁਖੈਨਤਾ : ਅਮਲਤਾਸ ਦੇ ਛਿਲਕੇ ਨੂੰ ਪਾਣੀ ਵਿੱਚ ਉਬਾਲ ਕੇ ਖੰਡ ਮਿਲਾ ਕੇ ਪਿਲਾਉਣ ਨਾਲ ਔਰਤ ਨੂੰ ਆਸਾਨੀ ਨਾਲ ਬੱਚਾ ਪੈਦਾ ਹੋ ਜਾਂਦਾ ਹੈ।

੫. ਪੇਸ਼ਾਬ ਦੇ ਰੋਗ : ਅਮਲਤਾਸ ਦਾ ਗੁਦਾ+ਧਮਾਸਾ+ਧਨੀਆ+ਸ਼ਤਾਵਰੀ+ਹਰੜ+ਪਾਸ਼ਾਣ ਭੇਦ ਬਰਾਬਰ ਵਜਨ ਲੈ ਲਓ। ਇਨ੍ਹਾਂ ਵਿਚੋਂ ੨੦ ਗ੍ਰਾਮ ਲੈ ਕੇ ੨੫੦ ਗ੍ਰਾਮ ਪਾਣੀ ਵਿੱਚ ਕਾੜ੍ਹਾ ਬਣਾਓ ਜਦੋਂ ੫੦ ਗ੍ਰਾਮ ਰਹਿ ਜਾਵੇ ਇਸ ਨੂੰ ਪਿਲਾਓ। ਇਸ ਨਾਲ ਪੇਸ਼ਾਬ ਖੁੱਲ ਕੇ ਆ ਜਾਂਦਾ ਹੈ।

੬. ਖਾਂਸੀ : ਅਮਲਤਾਸ ਦੀ ਫਲੀਆਂ ਨੂੰ ਸਾੜ ਕੇ ਉਸ ਦੀ ਰਾਖ ਬਣਾ ਲਓ। ਇਸ ਰਾਖ (ਸਵਾਹ) ਵਿੱਚ ਥੋੜਾ ਨਮਕ ਮਿਲਾ ਕੇ ਰਖੋ। ਚਾਰ-ਚਾਰ ਰਤੀ ਦਿਨ ਵਿੱਚ ੩-੪ ਵਾਰ ਸ਼ਹਿਦ ਮਿਲਾ ਕੇ ਚਟਾਓ। ਖਾਂਸੀ ਦੇ ਲਈ ਲਾਭਦਾਇਕ ਹੈ।

੭. ਮੂੰਹ ਰੋਗ : ਅਮਲਤਾਸ ਦਾ ਗੁਦਾ+ਚੰਦਨ+ਸੁਗੰਧ ਬਾਲਾ+ਪਟੋਲ ਦੀ ਜੜ੍ਹ+ਨਾਗਰ ਮੋਥਾ+ਹਰੜ+ਕੁਟਕੀ+ਮੁਲੱਠੀ ਦੇ ਕਾੜ੍ਹੇ ਦੀਆਂ ਕੁਰਲੀਆਂ ਕਰੋ। ਮੂੰਹ ਦੇ ਰੋਗਾਂ ਲਈ ਲਾਭਦਾਇਕ ਹੈ।

੮. ਜ਼ੁਕਾਮ : ਬੀਜ ਤੋਂ ਬਗੈਰ ਮੁਨਕਾ ੯ ਦਾਨੇ+ਗੁਲ ਬਨਫਸਾ ੫ ਗ੍ਰਾਮ+ਮੁੱਲਠੀ ੬ ਗ੍ਰਾਮ+ਹੰਸ ਰਾਜ ੫ ਗ੍ਰਾਮ+ਅੰਜੀਰ ੨+ਉਨਾਵ ੫ ਦਾਨੇ+ਲਿਸੂੜੇ ੧੦ ਦਾਨੇ+ ਅਮਲਤਾਸ ਦਾ ਗੁਦਾ ੬ ਗ੍ਰਾਮ ਇਨ੍ਹਾਂ ਸਾਰਿਆਂ ਨੂੰ ੨੫੦ ਗ੍ਰਾਮ ਪਾਣੀ ਵਿੱਚ ਪਕਾਓ ਜਦੋਂ ੧੨੫ ਗ੍ਰਾਮ ਰਹਿ ਜਾਵੇ ਮਲ ਛਾਨ ਕੇ ਇਸ ਵਿੱਚ ੨੦ ਗ੍ਰਾਮ ਮਿਸ਼ਰੀ ਮਿਲਾ ਕੇ ਪੀਓ। ਇਸ ਦੇ ਪ੍ਰਯੋਗ ਕਰਨ ਦੇ ਨਾਲ ਜ਼ੁਕਾਮ, ਨਜਲਾ, ਗਲੇ ਦੀ ਖਰਾਸ਼, ਖਾਂਸੀ ਦੇ ਰੋਗ ਦੂਰ ਹੁੰਦੇ ਹਨ।

## ਬਾਹਰੀ ਪ੍ਰਯੋਗ :

੧. ਚਮੜੀ ਦੇ ਰੋਗ : ਅਮਲਤਾਸ ਦਾ ਪੰਚਾਂਗ (ਜੜ੍ਹ, ਛਾਲ, ਫਲ, ਫੂਲ ਅਤੇ ਪੱਤੇ) ਨੂੰ ਜਾਲ, ਪੀਸ ਕੇ ਚਮੜੀ ਦੇ ਰੋਗਾਂ ਤੇ ਲਾਉਣ ਨਾਲ ਜਾਦੂ ਅਸਰ ਹੁੰਦਾ ਹੈ।

੨. ਸੁੰਨ ਵਾਤ, ਗਠੀਆ : ਇਸ ਦੇ ਪੱਤਿਆ ਨੂੰ ਗਰਮ ਕਰਕੇ ਇਨ੍ਹਾਂ ਦੀ ਪੁਲਟਿਸ ਬੰਨਣ ਨਾਲ, ਸੁੰਨਾਪਨ, ਗਠੀਆ ਵਿੱਚ ਲਾਭ ਦਾਇਕ ਹੈ।

੩. ਪੇਟ ਦਰਦ : ਅਮਲਤਾਸ ਦਾ ਗੁੱਦਾ ਅਤੇ ਨਮਕ ਗਾਂ ਦੇ ਮੂਤਰ ਦੇ ਨਾਲ ਪੀਸ ਕੇ ਪੇਟ ਤੇ ਲੇਪ ਕਰਨ ਨਾਲ ਪੇਟ ਦਰਦ ਸ਼ਾਂਤ ਹੋ ਜਾਂਦਾ ਹੈ।

੪. ਸੋਜਨ : ਅਮਲਤਾਸ ਦਾ ਗੁੱਦਾ ੨੫ ਗ੍ਰਾਮ+ਜੌਂ ਦਾ ਆਟਾ ੨੫ ਗ੍ਰਾਮ+ਕਪੂਰ ੨ ਗ੍ਰਾਮ ਨੂੰ ਅਲਸੀ ਦੇ ਤੇਲ ਵਿੱਚ ਮਿਲਾ ਕੇ ਕੋਸਾ ਗਰਮ ਕਰਕੇ ਲੇਪ ਕਰਨ ਨਾਲ ਹਰ ਤਰ੍ਹਾਂ ਦੀ ਸੋਜਨ ਦੂਰ ਹੋ ਜਾਂਦੀ ਹੈ।

੫. ਕੁੱਤੇ ਕੱਟੇ ਦਾ ਜ਼ਹਿਰ : ਅਮਲਤਾਸ ਦੇ ਗੁਦੇ ਨੂੰ ਅੱਕ ਦੇ ਦੁੱਧ ਵਿੱਚ ਪੀਸ ਕੇ ਜਿਥੇ ਕੁੱਤੇ ਨੇ ਕੱਟਿਆ ਹੋਵੇ ਉਤੇ ਲੇਪ ਕਰੋ, ਜ਼ਹਿਰ ਨਹੀਂ ਚੜ੍ਹਦਾ।

ਸ਼ਾਸ਼ਤਰੀ ਯੋਗ : ਇਹ ਸ਼ਾਸ਼ਤਰੀ ਯੋਗ ਆਯੂਰਵੈਦਿਕ ਗ੍ਰੰਥਾਂ ਵਿਚੋਂ ਲੈ ਕੇ ਅਯੂਰਵੈਦਿਕ ਕੰਪਨੀਆਂ ਡਾਬਰ, ਵੈਦਨਾਥ, ਜੰਡੂ ਤਿਆਰ ਕਰਦੀਆਂ ਹਨ ਕੰਪਨੀ ਦੀ ਲਿਖੀ ਤਰਕੀਬ ਦੇ ਅਨੁਸਾਰ ਇਨ੍ਹਾਂ ਦਾ ਪ੍ਰਯੋਗ ਕਰੋ। ਹੇਠ ਲਿਖੇ ਸ਼ਾਸ਼ਤਰੀ ਯੋਗ ਦਾ ਵੇਰਵਾ ਦਿੱਤਾ ਜਾਂਦਾ ਹੈ।

ਮੰਜੀਸ਼ਠ ਆਦਿ ਕਵਾਥ : ਇਹ ਕਵਾਥ ੧੮ ਕਿਸਮਾ ਦੇ ਕੋੜ੍ਹ, ਖੂਨ ਦੀ ਖਰਾਬੀ, ਜ਼ਹਿਰੀਲੇ ਜਖਮ, ਅਧਰੰਗ, ਪੱਠਿਆਂ ਦਾ ਸੁੰਨਾਪਨ, ਗੰਠੀਆ ਦੇ ਰੋਗ ਲਈ ਲਾਭਦਾਇਕ ਹੈ। ਜਬਰਦਸਤ ਖ਼ੂੰਨ ਸਫਾ ਹੈ।

ਖੁਰਾਕ : ੧੦-੨੦ ਗ੍ਰਾਮ ਪ੍ਰਯੋਗ ਕਰੋ।

-੦-੦-੦-

# ਸੇਵਾ ਦਾ ਸੰਕਲਪ

-ਸ.ਗੁਲਜਾਰ ਸਿੰਘ, ਮੋ : 93163-45050

ਪਿਤਾ ਕਲਿਆਣ ਦਾਸ ਜੀ ਨੇ ਦੁਨਿਆਵੀ ਵਪਾਰ ਕਰਨ ਹਿਤ ੨੦ ਰੁਪਏ ਦੇ ਕੇ ਨਾਨਕ ਜੀ ਨੂੰ ਕੋਈ ਖਰਾ ਸੌਦਾ ਕਰਨ ਲਈ ਭੇਜਿਆ। ਰੂਹਾਨੀ ਬਾਬੇ ਨੇ ਮੌਕੇ ਨੂੰ ਸੰਭਾਲਦੇ ਹੋਏ, ਸਮਾਜ ਸੁਧਾਰ/ਸੱਚੀ ਰੁਹਾਨੀਅਤ ਦੀ ਨੀਹ ਬੰਨ੍ਹ ਦਿੱਤੀ। ਜਦ ਆਪ ਜੀ ਇੱਕ ਸਾਧ ਮੰਡਲੀ ਨੂੰ ਮਿਲੇ ਅਤੇ ਉਨ੍ਹਾਂ ਨੂੰ ਭੁਖੇ ਦੇਖ ੨੦ ਰੁਪਏ ਦਾ ਰਾਸ਼ਨ ਲਿਆਏ ਅਤੇ ਸਾਰੀ ਮੰਡਲੀ ਨੂੰ ਲੰਗਰ ਛਕਾ ਕੇ ਗੁਰਸਿੱਖਾਂ ਲਈ ਸੇਵਾ-ਸਿਮਰਨ, ਸੰਗਤ ਤੇ ਪੰਗਤ ਦੇ ਮਹਾਨ ਸੰਕਲਪ ਦੀ ਰਚਨਾ ਕਰ ਦਿੱਤੀ।

ਸੇਵਾ ਕੇਵਲ ਹੱਥੀਂ ਹੀ ਨਹੀਂ, ਮਨ ਨਾਲ ਕੀਤੀ ਸੇਵਾ ਜਿਵੇਂ ਪ੍ਰਭੂ ਨੂੰ ਸੇਵਨਾ, ਯਾਦ ਕਰਨਾ ਵੀ ਸੇਵਾ ਹੈ'।

ਸਮੇਂ ਸਮੇਂ ਇਸ ਸੰਕਲਪ ਨੂੰ ਦ੍ਰਿੜ ਕਰਨ ਹਿਤ ਅਨੇਕ (ਇਤਿਹਾਸਕ) ਕੌਤਕ ਅਤੇ ਗੁਰਬਾਣੀ ਦੇ ਅਥਾਹ ਸਾਗਰ ਨਾਲ ਸ਼ਿੰਗਾਰੇ ਹੋਏ ਗੁਰਸਿੱਖਾਂ ਨੇ ਸੇਵਾ ਦੇ ਰਾਹੀਂ ਜਿਥੇ ਗੁਰੂ ਜੀ ਦੇ ਇਸ ਸੰਕਲਪ ਨੂੰ ਉਜਾਗਰ ਕੀਤਾ ਉੱਤੇ ਆਪਣੇ ਆਪ ਵਿੱਚ ਵੀ ਸੇਵਾ ਦੀ ਮਿਸਾਲ ਹੋ ਕੇ ਨਿਤਰੇ।

ਗੁਰੂ ਅੰਗਦ ਦੇਵ ਜੀ ਨੇ ਸੱਤ ਸਾਲ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿੱਚ ਰਹਿ ਕੇ ਮਹਾਨ ਸੇਵਾ-ਸਿਮਰਨ ਘਾਲਣਾ ਘਾਲੀ। ਸੇਵਾ ਦੇ ਪੁੰਜ ਗੁਰੂ ਅਮਰਦਾਸ ਜੀ ਦੀ ੧੨ ਸਾਲ ਗੁਰ ਸੇਵਾ-ਭਗਤੀ ਕੀਤੀ, ਇਸੇ ਤਰ੍ਹਾਂ ਨਿਮਰਤਾ ਦੇ ਮੁਜੱਸਮੇ ਗੁਰੂ ਰਾਮ ਦਾਸ ਜੀ ਵੱਲੋਂ ਗੁਰੂ ਅਮਰਦਾਸ ਜੀ ਦੇ ਚਰਨਾਂ ਵਿੱਚ ਰਹਿ ਕੇ ਘਾਲਣਾ ਕੀਤੀ ਜੋ ਕਿ ਸਾਡੇ ਲਈ ਪਾਏ ਗਏ ਪੂਰਨੇ ਹਨ। ਭਾਈ ਕਨ੍ਹਈਆ ਜੀ ਦੀ 'ਨਾ ਕੋ ਬੈਰੀ ਨਹੀਂ ਬਿਗਾਨਾ' ਵਾਲੀ ਜੰਗ ਦੇ ਮੈਦਾਨ ਵਿੱਚ ਪਾਣੀ ਪਿਲਾਉਂਦੇ ਹੋਏ ਸੋਚ/ਸੂਝ ਹੀ ਤਾਂ ਅੱਜ ਦੇ 'ਰੈਡ-ਕਰਾਸ' ਦਾ ਮੁੱਢ ਹੈ। ਇਹ ਸਭ ਵੇਖ ਕੇ ਹੀ ਤਾਂ ਸੰਸਾਰ ਭਰ ਦੇ ਲੀਡਰ/ਮੁੱਖੀ, ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਆ ਕੇ ਨਤਮਸਤਕ ਹੁੰਦੇ ਹਨ ਅਤੇ ਲੰਗਰ ਵਿੱਚ ਸੇਵਾ ਕਰਨ ਵਿੱਚ ਮਾਣ ਮਹਿਸੂਸ ਕਰਦੇ ਹਨ। ਗੁਰਬਾਣੀ ਗੁਰਸਿੱਖਾਂ ਦਾ ਰਸਤਾ ਰੁਸ਼ਨਾਉਂਦੀ ਹੈ :

ਧੰਨੁ ਸੇਵਾ ਸੇਵਕੁ ਪਰਵਾਨੁ ॥ (ਸੁਖਮਨੀ ਸਾਹਿਬ)

ਗੁਰੂ ਸਾਹਿਬ ਸੇਵਾ ਦੇ ਸੰਬੰਧ ਵਿੱਚ ਬਹੁਤ ਭਾਵ ਪੂਰਕ ਅਸੂਲ ਸਾਡੀ ਝੋਲੀ ਵਿੱਚ ਪਾਉਂਦੇ ਹੋਏ, ਫੁਰਮਾਉਂਦੇ ਹਨ ਕਿ ਜੋ ਸੰਤੋਖੀ ਮਨੁੱਖ ਸਦਾ ਇੱਕ ਅਕਾਲ ਪੁਰਖ ਨੂੰ ਸਿਮਰਦੇ ਹਨ (ਪ੍ਰਭੂ ਦੀ ਅਤੇ ਉਸ ਦੀ ਖਲਕਤ ਦੀ) ਸੇਵਾ ਵਿੱਚ ਉਹੀ ਜੁਟਦੇ ਹਨ। ਉਹ ਕਦੇ ਮੰਦੇ ਕੰਮ ਨਹੀਂ ਕਰਦੇ, ਸੱਚੀ ਕਿਰਤ ਕਰਦੇ ਹਨ ਅਤੇ ਧਰਮ-ਅਨੁਸਾਰ ਭਾਵ ਗੁਰੂ

ਸਿੱਖਿਆ ਅਨੁਸਾਰ (ਅਕਾਲ ਪੁਰਖ ਦੀ ਯਾਦ ਵਿੱਚ) ਜੀਵਨ ਬਤੀਤ ਕਰਦੇ ਹਨ :

ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥ (ਅੰਗ-੪੬੬)

ਇਸ ਵੀਚਾਰ ਨੂੰ ਹੋਰ ਸਪਸ਼ਟ ਦਿਸ਼ਾ ਦਿੰਦੇ ਹੋਏ ਫੁਰਮਾਉਂਦੇ ਹਨ ਕਿ ਗੁਰੂ ਦੇ ਸਨਮੁਖ ਰਿਹਾ ਮਨੁੱਖ ਦਾ ਮਨ ਅਡੋਲਤਾ ਵਿੱਚ ਟਿਕਦਾ ਹੈ ਪ੍ਰਭੂ ਪ੍ਰੇਮ ਵਿੱਚ ਲੀਨ ਹੁੰਦਾ ਹੈ ਅੰਤਰ ਆਤਮੇ ਪ੍ਰਭੂ ਨਾਲ ਇੱਕ ਮਿੱਕ ਹੋ ਜਾਂਦਾ ਹੈ ਕਿਉਂਕਿ ਉਸ ਦੀ ਸੁਰਤ ਗੁਰੂ ਦੀ ਦੱਸੀ (ਸੇਵਾ-ਸਿਮਰਨ-ਸਾਧ-ਸੰਗਤ) ਵਿੱਚ ਜੁੜਦੀ ਹੈ।

ਗੁਰਮੁਖਿ ਦੀਸੈ ਸਹਜਿ ਸੁਭਾਇ ॥ ਸੇਵਾ ਸੁਰਤਿ ਏਕ ਲਿਵ ਲਾਇ ॥ (ਅੰਗ-੨੨੨)

ਗੁਰ ਕੀ ਸੇਵਾ ਮੀਠੀ ਲਾਗੀ ॥ ਅਨਦਿਨੁ ਸੂਖ ਸਹਜ ਸਮਾਧੀ ॥
ਹਰਿ ਹਰਿ ਕਰਤਿਆ ਮਨੁ ਨਿਰਮਲੁ ਹੋਆ ਗੁਰ ਕੀ ਸੇਵ ਪਿਆਰੀ ਹੇ ॥੧੧॥
(ਅੰਗ-੧੦੫੦)

ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ ਗਤਿ ਮਤਿ ਤਦ ਹੀ ਪਾਏ ॥
ਹਰਿ ਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ ॥੧॥ (ਅੰਗ-੬੦੪)

ਗੁਰੂ ਰਾਮ ਦਾਸ ਜੀ ਨੇ ਵੀ ਭਾਈ ਜੇਠਾ ਦੇ ਰੂਪ ਵਿੱਚ ਵਿਚਰਦਿਆਂ ਹੋਇਆ ਗੁਰੂ ਅਮਰਦਾਸ ਜੀ ਦੇ ਦਰ ਉੱਪਰ ਜੋ ਮਹਾਨ ਸੇਵਾ ਕੀਤੀ, ਅੱਗੇ ਚਲਕੇ ਇਸ ਸੇਵਾ ਨੇ ਸੰਗਤਾਂ ਲਈ ਇੱਕ ਮਾਰਗ ਦਰਸ਼ਕ ਦਾ ਕੰਮ ਕੀਤਾ। ਸੇਵਾ ਸਿਮਰਨ ਦੀ ਉੱਚੀ ਸੁੱਚੀ ਮਿਸਾਲ ਕਾਇਮ ਕਰਕੇ ਗੁਰੂ ਸਾਹਿਬ ਸਾਨੂੰ ਸੋਝੀ ਬਖਸ਼ਿਸ਼ ਕਰਦੇ ਹਨ ਕਿ ਹਉਮੈ ਮਾਰ ਕੇ, ਸਤਿਗੁਰ ਦਾ ਹੁਕਮ ਸਤ ਸਤ ਕਰਕੇ ਮੰਨਣਾ ਹੈ ਅਤੇ ਅਟੁੱਟ ਪ੍ਰਭੂ ਸਿਮਰਨ ਵਿੱਚ ਲੀਨ ਹੋਣਾ ਹੈ ਤਦ ਹੀ ਸੇਵਾ ਪ੍ਰਵਾਨ ਹੁੰਦੀ ਹੈ ਅਤੇ ਸੱਚੇ ਨਾਲ ਮਿਲਾਪ ਹੁੰਦਾ ਹੈ।

ਸਤਿਗੁਰ ਕੀ ਸੇਵਾ ਚਾਕਰੀ ਜੇ ਚਲਹਿ ਸਤਿਗੁਰ ਭਾਇ ॥
ਆਪੁ ਗਵਾਇ ਸਤਿਗੁਰੂ ਨੋ ਮਿਲੈ ਸਹਜੇ ਰਹੈ ਸਮਾਇ ॥
ਨਾਨਕ ਤਿਨ੍ਹਾ ਨਾਮੁ ਨ ਵੀਸਰੈ ਸਚੇ ਮੇਲਿ ਮਿਲਾਇ ॥੨॥ (ਅੰਗ-੧੨੪੬)

ਗੁਰੂ ਅਰਜਨ ਦੇਵ ਜੀ ਵੀ ਸੇਵਾ ਸੰਕਲਪ ਨੂੰ ਸਾਡੀ ਸੋਝੀ ਲਈ ਹੋਰ ਸਪਸ਼ਟ ਕਰਦੇ ਹੋਏ ਫੁਰਮਾਉਂਦੇ ਹਨ ਕਿ ਸਰੀਰ ਦੇ ਦਸੋਂ ਦੁਆਰ ਨਤਮਸਤਕ ਕਰਨੇ ਹਨ ਭਾਵ ਅੱਖਾਂ, ਕੰਨ, ਨੱਕ, ਰਸਨਾਂ, ਹੱਥ, ਪੈਰ ਸਭ ਆਪੋ ਆਪਣੇ ਗੁਣ ਮੁਤਾਬਿਕ ਅਰਥਾਤ ਕੰਨਾਂ ਨਾਲ ਪ੍ਰਭੂ ਜਸ ਸੁਣਨਾ, ਅੱਖਾਂ ਨਾਲ ਪ੍ਰਭੂ ਪ੍ਰੀਤਵਾਨਾਂ ਦੇ ਦਰਸ਼ਨ, ਜੀਭ ਨਾਲ ਪ੍ਰਭੂ ਦੇ ਗੁਣ ਗਾਣ, ਹੱਥਾ ਪੈਰਾਂ ਨਾਲ ਗੁਰੂ ਪਿਆਰਿਆਂ ਦੀ ਟਹਿਲ ਸੇਵਾ ਅਤੇ ਸੰਤੋਖੀ ਬਣ ਕੇ ਸੁਆਸ ਸੁਆਸ ਸਿਮਰਨ ਕਰਨਾ। ਸਭ ਤੋਂ ਉੱਚੀ ਸੇਵਾ ਤਾਂ ਮਨ ਵਿੱਚ ਪ੍ਰਭੂ ਦੀ ਯਾਦ ਵਸਾਉਣੀ ਹੈ :

ਦਸਮੀ ਦਸ ਦੁਆਰ ਬਸਿ ਕੀਨੇ ॥ ਮਨਿ ਸੰਤੋਖੁ ਨਾਮ ਜਪਿ ਲੀਨੇ ॥ ਕਰਨੀ ਸੁਨੀਐ ਜਸੁ ਗੋਪਾਲ ॥ ਨੈਨੀ ਪੇਖਤ ਸਾਧ ਦਇਆਲ ॥ ਰਸਨਾ ਗੁਨ ਗਾਵੈ ਬੇਅੰਤ ॥ ਮਨ ਮਹਿ ਚਿਤਵੈ ਪੂਰਨ ਭਗਵੰਤ ॥ ਹਸਤ ਚਰਨ ਸੰਤ ਟਹਲ ਕਮਾਈਐ ॥ ਨਾਨਕ ਇਹੁ ਸੰਜਮੁ ਪ੍ਰਭ ਕਿਰਪਾ ਪਾਈਐ ॥੧੦॥ (ਅੰਗ-੨੯੭)

ਅੱਜ ਦੇ ਸਿੱਖ ਸਮਾਜ ਤੇ ਇੱਕ ਦ੍ਰਿਸ਼ਟੀ ਪਾਈਏ ਤਾਂ ਕਈ ਵਿਸ਼ਿਆਂ ਬਾਰੇ ਵੀਚਾਰ ਆਉਂਦਾ ਹੈ। ਗੁਰੂ ਸਾਹਿਬ ਦੇ ਜੀਵਨ ਕਾਲ ਵਿੱਚ ਅਗਰ ਗੁਰੂ ਪਿਆਰਾ ਭਾਈ ਲਾਲੋ ਸੀ ਜਿਸ ਦੀ ਨੇਕ ਕਮਾਈ ਦਾ ਸਾਦਾ ਭੋਜਨ ਗੁਰੂ ਨੂੰ ਅੰਮ੍ਰਿਤ ਲੱਗਦਾ ਸੀ ਪਰ ਮਲਕ ਭਾਗੋ ਦੇ ਰਿਸ਼ਵਤ ਅਤੇ ਗਰੀਬਾਂ ਨਾਲ ਵਧੀਕੀਆਂ ਕਰਕੇ ਇਕਠੇ ਕੀਤੇ ਧਨ ਤੋਂ ਬਣਿਆ ਹਲਵਾ ਪੂੜੀ ਮਨਜੂਰ ਨਹੀਂ ਸੀ।

ਅੱਜ ਅਸੀਂ ਸੇਵਾ ਦੇ ਅਨੇਕ ਪ੍ਰਕਾਰ ਦੇ ਕਰਮ ਸਿਰਫ ਕਿਸੇ ਮਨੋਰਥ ਦੀ ਪੂਰਤੀ ਜਾਂ ਆਪਣੀ ਹਉਂ ਦੇ ਦਿਖਾਵੇ ਵਜੋਂ ਕਰਦੇ ਹਾਂ, ਸ਼ਰਧਾ ਜਾਂ ਭਗਤੀ ਭਾਵ ਦੀ ਖਾਤਰ ਨਹੀਂ। ਜਨਤਾ ਵਾਸਤੇ ਲੰਗਰ ਲਗਾ ਦਿੰਦੇ ਹਾਂ, ਗੁਰਦੁਆਰਿਆਂ ਦੇ ਪ੍ਰਧਾਨ ਬਣ ਕੇ ਸੇਵਾਦਾਰ ਦਾ ਲੇਬਲ ਲਗਵਾਂਦੇ ਹਾਂ ਪਰ ਸੱਚ ਨਾਲ ਜੁੜਨ ਵਲੋਂ ਅਭਿੱਗ ਰਹਿੰਦੇ ਹਾਂ। ਗੁਰੂ ਸਾਹਿਬ ਸੋਝੀ ਦਿੰਦੇ ਹਨ ਕਿ ਮੈਂ ਮੇਰੀ ਛੱਡ ਕੇ ਗੁਰੂ ਸਿੱਖਿਆ ਅਨੁਸਾਰ ਸੇਵਾ ਕੀਤੀ ਜਾਵੇ ਭਾਵ ਗੁਰੂ ਦਾ ਉਪਦੇਸ਼ ਕਮਾਇਆ ਜਾਵੇ ਤਾਂ ਹੀ ਇਨਸਾਨ ਪ੍ਰਮਾਤਮਾ ਦੇ ਰੰਗ ਵਿੱਚ ਭਿੱਜਦਾ ਹੈ :-

ਹਉਮੈ ਮਾਰਿ ਕਰਹੁ ਗੁਰ ਸੇਵਾ ਜਨ ਨਾਨਕ ਹਰਿ ਰੰਗਿ ਭੀਨਾ ਹੇ॥(ਅੰਗ-੧੦੨੮)

ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥

(ਸੁਖਮਣੀ ਸਾਹਿਬ)

ਜੋ ਪ੍ਰਭਿ ਅਪਨੀ ਸੇਵਾ ਲਾਇਆ ॥
ਨਾਨਕ ਸੋ ਸੇਵਕੁ ਦਹ ਦਿਸਿ ਪ੍ਰਗਟਾਇਆ ॥ (ਸੁਖਮਣੀ ਸਾਹਿਬ)

ਇੱਕ ਹੋਰ ਪੱਖ ਸਿੱਖ ਜਗਤ ਦੇ ਧਿਆਨ ਦਾ ਪਾਤਰ ਹੈ ਕਿ ਸਿੱਖ ਸੰਗਤਾਂ ਦਾ ਦਸਵੰਧ ਸ਼ਹਿਰਾਂ ਵਿੱਚ ਵੱਡੇ ਵੱਡੇ ਨਗਰ ਕੀਰਤਨਾਂ, ਅਨੇਕ ਪ੍ਰਕਾਰ ਦੇ ਪਕਵਾਨਾਂ ਨਾਲ ਲਗਾਏ ਲੰਗਰਾਂ, ਮਹਿੰਗੀ ਮਹਿੰਗੀ ਸਜਾਵਟੀ ਬਿਲਡਿੰਗਾਂ ਤੋਂ ਘਟਾ ਕੇ ਪਿੰਡਾਂ ਦੇ ਗਰੀਬ ਬੱਚਿਆਂ ਦੀ ਪੜ੍ਹਾਈ ਲਿਖਾਈ ਤੇ, ਨਸ਼ਿਆਂ ਤੋਂ ਮੁਕਤੀ ਵਾਸਤੇ, ਗੁਰੂ ਸਿੱਖਿਆ ਨੂੰ ਸੰਗਤਾਂ ਵਿੱਚ ਪਹੁੰਚਾਉਣ ਵਾਸਤੇ, ਪ੍ਰਭਾਵੀ ਢੰਗ ਨਾਲ ਤਿਆਰ ਕੀਤੇ ਸਮਰਪਿਤ ਪ੍ਰਚਾਰਕਾਂ/ਗ੍ਰੰਥੀਆਂ ਵਾਸਤੇ, ਸਿੱਖ ਬੱਚਿਆਂ ਨੂੰ ਦੇਸ਼ ਵਿੱਚਲੇ ਉੱਚ ਅਹੁਦਿਆਂ ਤੇ ਪਹੁੰਚਾਉਣ ਵਾਸਤੇ ਅਗਰ ਲਗਾਇਆ ਜਾਵੇ ਤਾਂ ਅਸੀਂ ਗੁਰੂ ਦੀ ਸੱਚੀ ਸੇਵਾ ਅਤੇ ਗੁਰੂ ਦੀ ਕ੍ਰਿਪਾ ਦੇ ਪਾਤਰ ਬਣ ਸਕਦੇ ਹਾਂ ਅਤੇ ਆਉਣ ਵਾਲੀਆਂ ਪੀੜੀਆਂ ਲਈ ਸਹੀ ਗੁਰ-ਮਾਰਗ ਪ੍ਰਕਾਸ਼ਿਤ ਕਰ ਸਕਦੇ ਹਾਂ।

-0-0-0-

# ਸੰਸਥਾ ਦੇ ਕਾਰਜਾਂ ਲਈ ਸੰਗਤਾਂ ਵਲੋਂ ਮਾਰਚ-2024 ਵਿੱਚ ਆਈ ਸਹਾਇਤਾ।

**ਆਨ ਲਾਇਨ** : ਸ.ਰਨਬੀਰ ਸਿੰਘ ੫੦੦/-, ਸ.ਰਣਜੀਤ ਸਿੰਘ ੧੦੧/-, ਸ.ਸੁਲਖਣ ਸਿੰਘ ੫੦੦/-, ਸ.ਇੰਦਰਪਾਲ ਸਿੰਘ ੫੦੦/-, ਸ.ਨਰਿੰਦਰ ਸਿੰਘ ੧੦੦/-, ਸ.ਜੁਗਰਾਜ ਸਿੰਘ ੫੦੦/-, ਗਲੋਬਲ ਰਿਮਿਟੈਂਸ ੫੯੯੯/-, ਪਾਇਨੀਅਰ ਇਲੈਕਟ੍ਰੀਕਲ ੨੫੧/-, ਸ.ਚਰਨਜੀਤ ਸਿੰਘ ੨੦੦/-, ਗੁਪਤ ੧੦੦/-, ਸ.ਰਨਬੀਰ ਸਿੰਘ ੧੫੦/-, ਸ.ਬਲਦੇਵ ਸਿੰਘ ੧੦੦/-, ਸ.ਭੁਪਿੰਦਰ ਸਿੰਘ ੧੬੦੦/-, ਸ.ਹਰਪ੍ਰੀਤ ਸਿੰਘ ੫੦੦/-, ਗੁਪਤ ੧੧੦੦/-, ਸ.ਤਲਵਿੰਦਰ ਸਿੰਘ ੧੦੦੦/-, ਸ੍ਰੀ.ਐਮ.ਐਸ.ਖੇਲ ੩੧੦/-, ਸ.ਅਰਸ਼ਦੀਪ ਸਿੰਘ ੨੦੦/-, ਸ.ਪ੍ਰੀਤਮ ਸਿੰਘ ੫੦੦/-, ਗੁਪਤ ੫੦੦/-, ਸ੍ਰੀ.ਕਰਨ ਸਿਧੂ ੧੦੦੦/-, ਸ.ਉਜਾਗਰ ਸਿੰਘ ੫੦੦/-, ਸ.ਦਰਸ਼ਨ ਸਿੰਘ, ਬੀਬੀ ਭੁਪਿੰਦਰ ਕੌਰ ੧੦੦/-, ਗੁਪਤ ੫੦੦/-, ਸ.ਇਕਬਾਲ ਸਿੰਘ ੫੦੦/-, ਸ.ਰਾਜਿੰਦਰ ਸਿੰਘ ੧੦੦੦/-, ਸ੍ਰੀ.ਜੇ.ਪੀ.ਐਸ. ਉਬਰਾਏ ੫੦੦/-, ਸ.ਰਣਬੀਰ ਸਿੰਘ ੫੦੦/-, ਸ.ਤਲਵਿੰਦਰ ਸਿੰਘ ੧੦੦੦/-, ਸ.ਗੁਰਮਤਿ ਸਿੰਘ ੫੦੦/-, **ਜਨਰਲ** : ਸ.ਸਵਰਨ ਸਿੰਘ ੨੦੦੦/-, ਸ.ਸੁਰਜੀਤ ਸਿੰਘ ੫੦੦੦/-, ਬੀਬੀ ਜਸਭਿੰਦਰ ਕੌਰ ੫੦੦੦/-, ਸ.ਜਸਵਿੰਦਰ ਸਿੰਘ ੫੦੦/-, ਸ.ਬਲਦੇਵ ਸਿੰਘ ੧੦੦੦/-, ਸ.ਬਲਵਿੰਦਰ ਸਿੰਘ ੧੦੦੦/-, ਸ.ਸੁਖਬੰਸ ਸਿੰਘ ੫੦੦/-, ਸ.ਮਨਜੀਤ ਸਿੰਘ ੫੦੦/-, ਸ.ਨਾਰੰਗ ਸਿੰਘ ੧੦੦/-, ਸ.ਅਮਰਜੀਤ ਸਿੰਘ ੨੦੦/-, ਸ.ਕਰਨੈਲ ਸਿੰਘ ੧੦੦੦/-, ਗੁਪਤ ੫੦੦/-, ਬੀਬੀ ਦਲਜੀਤ ਕੌਰ ੩੦੦੦/-, ਸ.ਸੁਰਜੀਤ ਸਿੰਘ ੩੦੦/-, ਸ੍ਰੀ.ਬੀ.ਆਰ.ਸਾਹਨੇਵਾਲ ੫੦੦/-, ਗੁਰਮੀਤ ਸਿੰਘ ੧੦੦/-, ਸ.ਦਰਸ਼ਨ ਸਿੰਘ ੨੦੦/-, ਕੋਠੀ ਨੰ.੧, ਫੇਜ ੩-ਏ=੨੦੦/-, ਗੁਪਤ ੫੦੦/-, ਸੰਗਤ ਗੁਰਬਾਣੀ ਚਾਨਣੁ ੧੦੦੦/-, ਸ.ਕੁਲਦੀਪ ਸਿੰਘ ੧੦੦੦/-, ਸ.ਦਲਜੀਤ ਸਿੰਘ ੫੦੦/-, ਸ.ਗੁਲਜਾਰ ਸਿੰਘ ੧੦੦੦/-, ਸ.ਆਸੋਕ ਭਰਦਵਾਜ ੫੦੦/-, ਬੀਬੀ ਭਜਨ ਕੌਰ ੩੦੦੦/-, ਸ.ਮੋਹਨ ਸਿੰਘ ੧੦੦/-, ਸ.ਤੇਜਾ ਸਿੰਘ ੫੦੦/-, ਸ.ਜਗਤੇਸ਼ਵਰ ਸਿੰਘ ੫੦੦/-, ਸ.ਪਰਵਿੰਦਰ ਸਿੰਘ ੧੦੦/-, ਸ.ਸਨਦੀਪ ਸਿੰਘ ੧੦੦/-, ਬੀਬੀ ਮਨਸਾਂਝ ਕੌਰ ੨੦੦/-, ਸ.ਗੁਰਬਚਨ ਸਿੰਘ ੧੦੦੦/-, ਸ.ਬਲਦੇਵ ਸਿੰਘ ੫੦੦/-, ਸ.ਤੇਜਵੰਤ ਸਿੰਘ ੫੦੦/-, ਗੁਪਤ ੧੭੦/-, **ਸਟਾਲ ਹੋਲਾ ਮਹੱਲਾ ਸ੍ਰੀ ਕੇਸਗੜ੍ਹ ਸਾਹਿਬ** : ਸ.ਮੇਜਰ ਸਿੰਘ ੧੦੦/-, ਸ.ਬਲਦੇਵ ਸਿੰਘ ੪੫੦/-, ਸ.ਦਿਆ ਸਿੰਘ ੫੦੦/-, ਸ.ਸਰਬਵੀਰ ਸਿੰਘ ੧੦੦/-, **ਸ.ਬਰਿੰਦਰ ਸਿੰਘ ਫੇਜ ੧੧ ਰਾਹੀਂ** : ਸ.ਗੁਰਦਿਆਲ ਸਿੰਘ ੧੦੦/-, ਸ.ਤੇਜਪਾਲ ਸਿੰਘ ੧੦੦/-, ਸ.ਪ੍ਰਭਕਿਰਤਨ ਸਿੰਘ ੧੦੦/-, ਜਗਜੀਤ ਕੈਮਿਸਟ ੧੦੦/-, ਸ.ਅਮਰਜੀਤ ਸਿੰਘ ੧੦੦/-, ਸ.ਤਰਸੇਮ ਸਿੰਘ ੫੦/-, ਜਨਤਾ ਆਟਾ ਚੱਕੀ ੧੦੦/-, ਸ.ਇੰਦਰ ਸਿੰਘ ੧੦੦/-, ਸ.ਦਲਬੀਰ ਸਿੰਘ ੨੦੦/-, ਸ.ਸੁੱਚਾ ਸਿੰਘ ੪੦/-, ਸ.ਰਣਬੀਰ ਸਿੰਘ ੨੦੦/-, ਸ.ਧਿਆਨ ਸਿੰਘ ੧੦੦/-, **ਸ.ਗੁਰਮੀਤ ਸਿੰਘ ਸੈਕਟਰ ੭੯ ਰਾਹੀਂ** : ਸ.ਕਰਮ ਸਿੰਘ ੫੦੦/-, ਸ.ਰਵਿੰਦਰ ਸਿੰਘ ੨੦੦/-, ਸ.ਗੁਰਮੀਤ ਸਿੰਘ ੧੦੦੦/-, ਸ.ਰਪਿੰਦਰ ਸਿੰਘ ੧੦੦/-, ਸ੍ਰੀ.ਐਚ.ਐਸ.ਰੱਖੜਾ ੧੦੦/-, ਸ.ਸੁਪਿੰਦਰ ਸਿੰਘ ੧੦੦/-, ਸ.ਇੰਦਰ ਮੋਹਨ ਸਿੰਘ ੫੦੦/-, ਸ.ਮਦਨ ਸਿੰਘ ੫੦੦/-, **ਚੋਗਾਵਾ ਦੀ ਸੰਗਤ ਵਲੋਂ** : ਡਾ.ਬਲਬੀਰ ਸਿੰਘ ੫੦/-, ਫੌਜੀ ਹਾਰਡ ਵੇਅਰ ੧੦੦/-, ਡਾ.ਜਗਨ ਨਾਥ ੨੦/-, ਗੁਰਸ਼ਰਨ ਟੇਲਰਜ਼ ੨੦/-, ਭਾਟੀਆ ਗਾਰਮੈਟਸ ੨੦/-, ਬੱਬੂ, ਲਾਲ ਕਾਰ ਵਾਲੇ ੫੦/-, ਖਾਲਸਾ ਜਨਰਲ ਸਟੋਰ ੨੦/-, ਸ.ਦਲਜੀਤ ਸਿੰਘ ੧੦/-, ਡਾ.ਭੋਲਾ ਸਿੰਘ ੧੦/-, ਸ.ਜਸਬੀਰ ਸਿੰਘ ੧੦/-, **ਸ.ਸੁਰਿੰਦਰ ਸਿੰਘ ਜੀਰਕਪੁਰ ਰਾਹੀਂ** : ਸ.ਦਲਬੀਰ ਸਿੰਘ ੧੦੦/-, ਡਾ.ਕਵਲਇੰਦਰ ਸਿੰਘ ੫੦/-, ਸ.ਬਲਬੀਰ ਸਿੰਘ ੫੦/-, ਸ.ਗੁਰਮੀਤ ਸਿੰਘ ੧੦੦/-, ਸ.ਪਰਵਿੰਦਰ ਸਿੰਘ ਬੇਦੀ ੧੦੦੦/-, **ਸ.ਜਰਨੈਲ ਸਿੰਘ ਸੈਕਟਰ ੨੭ ਰਾਹੀਂ** : ਸ.ਮਨਜੀਤ ਸਿੰਘ ੫੦੦/-, ਸ.ਨਾਰੰਗ ਸਿੰਘ ੧੦੦/-, ਸ.ਅਮਰਜੀਤ ਸਿੰਘ ੨੦੦/-,**ਸ.ਅਵਤਾਰ ਸਿੰਘ ਸੈਕਟਰ ੩੫ ਰਾਹੀਂ** : ਸ.ਜਸਵੀਰ ਸਿੰਘ ੫੦੦/-, ਬੀਬੀ ਸੁਰਜੀਤ ਕੌਰ ੧੦੦੦/-, ਸ.ਸਰਬਜੀਤ ਸਿੰਘ ੧੦੦/-, ਸ.ਅਮਰਜੀਤ ਸਿੰਘ ੧੦੦/-, ਸ.ਗੁਰਕੰਵਲ ਸਿੰਘ ੨੦੦/-, ਗੁਪਤ ੧੦੦/-, ਸ.ਸੁਰਿੰਦਰ ਸਿੰਘ ੧੦੦/-, ਗੁਪਤ ੫੦੦/-, **ਸ.ਰਘਬੀਰ ਸਿੰਘ ਸੈਕਟਰ ੩੭-੩੮ ਰਾਹੀਂ** : ਸ.ਲਵਪ੍ਰੀਤ ਸਿੰਘ ੫੦/-, ਸ.ਸਬਦਮੀਤ ਸਿੰਘ ੫੦/-, ਸ.ਐਮ.ਪੀ.ਸਿੰਘ ੧੦੦/-, ਸ.ਸੋਹਨ ਸਿੰਘ ੨੦੦/-, ਸ.ਸਾਧੂ ਸਿੰਘ ੨੦੦/-, ਸ.ਅਮਰਜੀਤ ਸਿੰਘ ੨੦੦/-, ਸ.ਸੁਮੀਤ ਸਿੰਘ ੫੦੦/-, ਸ.ਧਰਮਪ੍ਰੀਤ ਸਿੰਘ ਅਤੇ ਸ.ਏਕਮ ਜੋਤ ਸਿੰਘ ੧੦੦੦/-, ਸ.ਰਘਬੀਰ ਸਿੰਘ ੨੦੦/-, **ਸ.ਬਲਿਹਾਰ ਸਿੰਘ ਸੈਕਟਰ ੪੪ ਰਾਹੀਂ** : ਸ.ਜਗਦੀਸ਼ ਬਾਂਸਲ ੨੦੦/-, ਡਾ.ਸਵਿੰਦਰ ਸਿੰਘ ੩੦੦/-, ਸ.ਰਤਨ ਸਿੰਘ ੧੦੦/-, ਡਾ.ਦਿਲਵਰ ਸਿੰਘ ੧੦੦/-, ਸ.ਬਲਿਹਾਰ ਸਿੰਘ ੫੦੦/-, **ਸ.ਹਰਜਿੰਦਰ ਸਿੰਘ ਸੈਕਟਰ ੪੬ ਰਾਹੀਂ** : ਸ਼ਰਮਾ ਜੀ ਪਰਿਵਾਰ ੧੦੦/- ਗੁਲਾਟੀ ਪਰਿਵਾਰ ੧੦੦/-, ਬੀਬੀ ਦਲਜੀਤ ਕੌਰ ੫੦/-, ਸ.ਅਵਤਾਰ ਸਿੰਘ ੨੦੦/-, ਸ.ਤ੍ਰਿਪਤਪਾਲ ਸਿੰਘ ੧੦੦੦/-, ਸ.ਹਰਜਿੰਦਰ ਸਿੰਘ ੫੫੦/-,

**<u>ਗਿਆਨੀ ਮਨਜੀਤ ਸਿੰਘ ਰਾਹੀਂ</u>** : ਗੁਪਤ ੨੦੦/-, ਬੀਬੀ ਰਤਨ ਕੌਰ ੫੦੦/-, ਸ.ਬਲਦੇਵ ਸਿੰਘ ੨੦੦/- ਸ.ਤਰਲੋਚਨ ਸਿੰਘ ੮੦੦/-, ਸ.ਰਮਨਦੀਪ ਸਿੰਘ ੧੦੦/-, ਸ.ਗੁਰਵਿੰਦਰ ਸਿੰਘ ੧੦੦/-, ਬੀਬੀ ਬਲਦੇਵ ਕੌਰ ੧੦੦/-, ਸ.ਕੁਲਦੀਪ ਸਿੰਘ ੨੦/-, ਸ.ਹਰਬੰਸ ਸਿੰਘ ੫੦/-, ਦੁਆਬਾ ਫੈਸ਼ਨ ੧੦੦/-, ਸ.ਜੋਗਿੰਦਰ ਸਿੰਘ ੫੦/-, ਸ.ਗੁਰਦੀਪ ਸਿੰਘ ੫੦/-, ਸ.ਸਰਿੰਦਰ ਸਿੰਘ ੫੦/-, ਸ.ਸੁਰਿੰਦਰ ਸਿੰਘ ੫੦/-, ਚੋਹਾਨ ਜਿਊਲਰਜ਼ ੧੦੦/-, ਸ.ਚਰਨਜੀਤ ਸਿੰਘ ੫੦੦/-, ਸ.ਰਾਜਵੰਤ ਸਿੰਘ ੨੦੦/-, ਸ.ਕਰਮ ਸਿੰਘ ੧੦੦/-, ਸ.ਜਤਿੰਦਰ ਸਿੰਘ ੫੦੦/-, ਸ.ਚਰਨ ਸਿੰਘ ੨੦੦/-, ਸ.ਗੁਰਨਾਮ ਸਿੰਘ ੪੦/-, ਸ.ਜਗਜੀਤ ਸਿੰਘ ੫੦/-, ਸ.ਜੋਗਿੰਦਰ ਸਿੰਘ ੧੦੦/-, ਸ.ਹਰਸਿਮਰਨ ਕੌਰ ੨੦੦/-, ਸ.ਪ੍ਰਭਜੋਤ ਸਿੰਘ ੧੦੦/-, ਸ.ਪ੍ਰਦੁਮਨ ਸਿੰਘ ੫੦/-, ਸ੍ਰੀ.ਜੀ.ਐਸ.ਬੈਂਸ ੨੦੦/-, ਬੀ.ਕੇ.ਫੈਸਨ ੧੦੦/-, ਸ.ਸਰਬਜੀਤ ਸਿੰਘ ੧੦੦/-, ਬੀਬੀ ਸੁਰਜੀਤ ਕੌਰ ੧੦੦/-, ਸ.ਸਵਰਨ ਸਿੰਘ ੫੦/-, ਸ.ਸੋਹਨ ਸਿੰਘ ੧੦੦/-, ਸ.ਹਰਜੀਤ ਸਿੰਘ ੫੦/-, ਸ.ਸੁਰਜੀਤ ਸਿੰਘ, ਨਿਰਮਲ ਸਿੰਘ ੧੦੦੦/-, ਸ.ਰਾਜਿੰਦਰ ਸਿੰਘ ੨੦੦/-, ਬੀਬੀ ਸੁਰਿੰਦਰ ਕੌਰ ੧੦੦/-, ਸ.ਨਰਿੰਦਰ ਸਿੰਘ ੧੦੦/- , ਸ.ਪ੍ਰਲਾਦ ਸਿੰਘ ੫੦/-, ਸ.ਅਮਰੀਕ ਸਿੰਘ ੫੦/-, ਆਕਾਲ ਓਪਟੀਕਲਜ਼ ੧੦੦/-, ਨਾਗਪਾਲ ਡਿਪਾਰਟਮੈਂਟ ਸਟੋਰ ੧੦੦-, ਜੀ.ਕੇ.ਸਟੇਸ਼ਨਰੀ ੨੦/-, ਸ.ਸੁਖਮਿੰਦਰ ਸਿੰਘ ੧੦੦/-, ਬੀਬੀ ਕੁਲਵੰਤ ਸਿੰਘ ੧੦੦/-, ਸ.ਹਰਸ਼ਰਨ ਸਿੰਘ ੩੦/-, ਬੀਬੀ ਗੁਰਪ੍ਰੀਤ ਕੌਰ ੧੦੦/-, ਸ.ਅਜੀਤ ਸਿੰਘ ੫੦/-, ਸ.ਮਾਨ ਸਿੰਘ ੧੦੦/-, ਬੀਬੀ ਗਿਆਨ ਕੌਰ ੨੦੦/-, ਸ.ਤਰਲੋਚਨ ਸਿੰਘ ੫੦੦/-, ਬੀਬੀ ਸੁਰਜੀਤ ਕੌਰ ੧੦੦/-, ਜੈਮ ਪਬਲਿਕ ਸਕੂਲ ੩੦੦/-, ਸ.ਦਾਰਾ ਸਿੰਘ ੫੦੦/-, ਬੀਬੀ ਰਜਮਨਦੀਪ ਕੌਰ ੧੦੦/-, ਸ.ਹਰਭਜਨ ਸਿੰਘ ੨੦੦/-, ਗੁਪਤ ੧੦੦+੨੦+੧੦੦੦/-, ਸ.ਮਹਿੰਦਰ ਸਿੰਘ ੫੦/-, ਸ.ਗੁਰਨਾਮ ਸਿੰਘ ੨੦/-, ਸ.ਸੁਖਦੇਵ ਸਿੰਘ ੫੦/-, ਸ੍ਰੀ.ਏ.ਐਸ.ਪਾਵਹਾ ੧੦੦/-, ਬੀਬੀ ਅੰਮ੍ਰਿਤਪਾਲ ਕੌਰ ੧੦੦੦/-, ਸ.ਮਦਨਜੀਤ ਸਿੰਘ ੫੦/-, ਸ.ਜਸਵੰਤ ਸਿੰਘ ੧੦੦/-, ਬੀਬੀ ਕੈਲਾਸ ਕੌਰ ੧੦੦/-, ਸ.ਕਰਮ ਸਿੰਘ ੧੦੦/- , ਬੀਬੀ ਸੁਰਿੰਦਰ ਕੌਰ ੧੦੦/-, ਬੀਬੀ ਜੋਗਿੰਦਰ ਕੌਰ ੨੦/-, ਗੁਪਤ ੨੦/-, ਸ.ਬਲਦੇਵ ਸਿੰਘ ੧੦੦/-, ਡਾ.ਅਤਰ ਸਿੰਘ ੫੦੦/-, ਬੀਬੀ ਹਰਿੰਦਰ ਕੌਰ ੧੦੦/-, ਸ.ਜਸਵੰਤ ਸਿੰਘ ੧੦੦/-, ਸ.ਅਮਰੀਕ ਸਿੰਘ ੧੨੦/-, # ੮੩੪, ਸੈਕਟਰ ੭੦=੧੦੦/-, ਸ.ਰਣਜੀਤ ਸਿੰਘ ੪੦੦/-, ਸ.ਜਗਜੀਤ ਸਿੰਘ ੧੦੦/-, ਬੀਬੀ ਇੰਦਰਜੀਤ ਕੌਰ ੨੦੦/-, ਸ.ਤਾਰਾ ਸਿੰਘ ੧੦੦/-, ਸ.ਪਰਮਜੀਤ ਸਿੰਘ ੧੫੦/-, ਗੁਪਤ ੧੦/-, ਸ.ਗੁਰਵਿੰਦਰ ਸਿੰਘ ੫੦੦/-, ਬੀਬੀ ਪਰਮਜੀਤ ਕੌਰ ੫੦/-, ਸ.ਭੁਪਿੰਦਰ ਸਿੰਘ ੨੦੦/-, ਬੀਬੀ ਪਰਮਜੀਤ ਕੌਰ ੧੦੦/-, ਸ.ਮਸਤ ਸਿੰਘ ੧੦੦/-, ਸ.ਮਨਦੀਪ ਸਿੰਘ ੧੦੦/-, ਸ੍ਰੀ.ਕੇ.ਪੀ.ਸਿੰਘ ੧੦੦/-, ਸ.ਜਸਬੀਰ ਸਿੰਘ ੫੦/-, ਬੀਬੀ ਅਰਸ਼ਦੀਪ ਕੌਰ ੨੦/-, ਸ.ਹਾਕਮ ਸਿੰਘ ੨੦੦/-, ਬੀਬੀ ਤ੍ਰਿਪਤ ਕੌਰ ੩੦੦/-, ਸ.ਸਰਬਜੀਤ ਸਿੰਘ ੫੦੦/-, ਸ.ਗੁਰਨਾਮ ਸਿੰਘ ੨੦੦/-, ਬੀਬੀ ਮਨਜੀਤ ਕੌਰ ੧੦੦/-, # ੪੯੮੦, ਸੈਕਟਰ ੭੦=੨੦੦/-, ਸ.ਦਵਿੰਦਰ ਸਿੰਘ ੫੦੦/-, ਸ੍ਵਰਗਵਾਸੀ ਸੁਰਜੀਤ ਸਿੰਘ ੨੦੦/-, ਸ.ਜਸਵਿੰਦਰ ਸਿੰਘ ੧੦੦/-, ਗੁਪਤ ੫੦/-, ਸ.ਨਿਰਮਲ ਸਿੰਘ ੨੦੦/-, ਗੁਪਤ ੧੦੦/-, ਸ.ਅੰਮ੍ਰਿਤਪਾਲ ਸਿੰਘ ੫੦੦/-, ਸ.ਦਿਲਦਾਰ ਸਿੰਘ ੫੦/-, ਸ.ਜਗਜੀਤ ਸਿੰਘ ੧੦੦/-, ਬੀਬੀ ਪਰਮਜੀਤ ਕੌਰ ੨੦੦/-, ਸ.ਅਨਮੋਲ ਸਿੰਘ ੨੦੦/-, ਬੀਬੀ ਸੁਰਜੀਤ ਕੌਰ ੧੦੦/-, ਗੁਪਤ ੨੦/-, ਮਜੈਸਟਿਕ ਪ੍ਰਿੰਟਿੰਗ ਪ੍ਰੈਸ ੧੦੦੦/-, ਸ.ਗੁਰਦੇਵ ਸਿੰਘ ੫੦/-, ਸ.ਰਾਵਿੰਦਰ ਸਿੰਘ ੧੦੦/- , ਸ.ਹਰਜੀਤ ਸਿੰਘ ੨੦੦/-, ਸ.ਭੁਪਿੰਦਰ ਸਿੰਘ ੧੦੦/-, ਸ.ਹਰਕੀਰਤ ਸਿੰਘ ੨੦੦/-ਬੀਬੀ ਬਲਵਿੰਦਰ ਕੌਰ ੧੦੦/-, ਲੇਟ ਸ੍ਰੀ ਮਨਜਿੰਦਰ ਸਿੰਘ ੧੦੦/-, ਸ.ਕੁਲਦੀਪ ਸਿੰਘ ੫੦/-, ਕੈਪਟਨ ਕੇ.ਜੀ.ਐਸ. ੫੦/-, ਸ.ਬਲਬੀਰ ਸਿੰਘ ੫੦/-, ਸ.ਜਸਵੰਤ ਸਿੰਘ ੧੦੦/-, ਸ.ਗੁਰਮੇਲ ਸਿੰਘ ੧੦੦/-, ਸ.ਹਾਕਮ ਸਿੰਘ ੧੦੦/-, ਸ.ਗੁਰਚਰਨ ਸਿੰਘ ੫੦/-, ਸ.ਹਰਮਿੰਦਰ ਸਿੰਘ ੫੦੦/-, ਸ.ਮਨਮੋਹਨ ਸਿੰਘ ੫੦/-, ਬਾਬਾ ਜੀ ੫੦/-, ਬੀਬੀ ਸੁਰਜੀਤ ਕੌਰ ੫੦/-, ਸ.ਹਰਭਜਨ ਸਿੰਘ ੫੦/-, ਸ.ਰਣਧੀਰ ਸਿੰਘ ੧੦੦/-, ਸ.ਇੰਦਰਜੀਤ ਸਿੰਘ ੧੦੦/-, ਸ.ਹਰਵਿੰਦਰ ਸਿੰਘ ੧੦੦/-, **<u>ਸ.ਮਨਿੰਦਰ ਸਿੰਘ ਰਾਹੀਂ</u>** : ਸ.ਬਲਵੰਤ ਸਿੰਘ ੫੦੦/-, ਗੁਪਤ ੧੦੦/-, ਸ.ਹਰਨੇਕ ਸਿੰਘ ੧੦੦/-, ਗੁਪਤ ੫੦/-, ਸ.ਗੁਰਬਖਸ਼ ਸਿੰਘ ੫੦੦/-, ਸ.ਜਸਵੰਤ ਸਿੰਘ ੫੦੦/-, ਭਾਟੀਆ ਜੀ ੨੦੦/-, ਬੀਬੀ ਇਕਬਾਲ ਕੌਰ ੨੦੦/-, ਬੀਬੀ ਰਵਿੰਦਰ ਕੌਰ ੧੦੦੦/-, ਸ.ਰਵਿੰਦਰ ਸਿੰਘ ੨੦੦/-, **<u>ਸ.ਹਰਦੀਪ ਸਿੰਘ ਰਾਹੀਂ</u>** : ਗੁਪਤ ੧੦/-, ਬੀਬੀ ਮਨਜੀਤ ਕੌਰ ੨੦੦/-, ਸ.ਸੁਰਜੀਤ ਸਿੰਘ ੫੦/-, ਬੀਬੀ ਅਨੁਦੀਪ ਕੌਰ ੧੦੦੦/-, ਬੀਬੀ ਜਸਪ੍ਰੀਤ ਕੌਰ ੫੦/-, ਸ੍ਰੀ.ਜੀ.ਐਸ.ਓਬਰਾਏ ੫੦/-, ਸ.ਸਰਦੂਲ ਸਿੰਘ ੧੦੦/-, ਸ.ਮੋਹਨ ਸਿੰਘ ੧੦੦/-, ਸ.ਅਲਬੇਲ ਸਿੰਘ ੧੦੦/-, ਸ.ਨਗੀਨਾ ਸਿੰਘ ੫੦/-, ਸੇਠੀ ਪਰਿਵਾਰ ੧੦੦/-, ਸ.ਸਤਬੀਰ ਸਿੰਘ ੫੦੦-, ਸ.ਗੁਰਦਿਆਲ ਸਿੰਘ ੫੦/-, ਸ.ਸੁਖਵਿੰਦਰ ਸਿੰਘ ੧੦੦/-, ਸ੍ਰੀ.ਵਾਈ.ਪੀ.ਐਸ.ਆਹਲੂਵਾਲੀਆ ੨੦੦/-, ਸ.ਸ਼ਮਸ਼ੇਰ ਸਿੰਘ੫੦/-, ਬੀਬੀ ਹਰਬੰਸ ਕੌਰ ੫੦੦/-, ਬੀਬੀ ਮਨਜੀਤ ਕੌਰ ੩੧/-, ਬੀਬੀ ਮਨਜੀਤ ਕੌਰ ੫੦/-, ਸ.ਕੁਲਦੀਪ ਸਿੰਘ ੧੦੦/-, ਬੀਬੀ ਜਸਪ੍ਰੀਤ ਕੌਰ ੫੦੦/-, ਸਡਾਣਾ ਜਨਰਲ ਸਟੋਰ ੫੦੦/-, ਸ.ਬਲਵਿੰਦਰ ਸਿੰਘ ੨੦੦/-, ਬੀਬੀ ਮਨਜੀਤ ਕੌਰ ੨੫੦੦/-, ਸ੍ਰੀ ਰਣਪਾਲ ੫੦੦/-,

## STATEMENT OF PUBLICATION ON 31/03/2024


| | | |
|---|---|---|
| 1. Title | - | Gurbani Chanan |
| 2. Registration No. | - | PUNPUN/2000/3037 |
| 3. Language | - | Punjabi |
| 4. Periodicity | - | Monthly |
| 5. Owners, Printer, Publisher | - | Dr. Paramjit Singh, # 257, Phase-7, Mohali |
| 6. Editor Name | - | Dr. Paramjit Singh, # 257, Phase-7, Mohali |

7. Place of Publication : Bhawan No. 6, Phase-3-A, Mohali

I, Paramjit Singh, Genl. Secy. Sanstha Gurbani Iss Jag Meh Chanan hereby declare that the particulars given above are true to the best of my knowledge & belief.

Sd/- Paramjit Singh,
Dated 31-03-2024 Bhawan No. 6, Phase-3-A, Mohali


## ਗੁਰੂ ਪਿਆਰਿਓ ਗੁਰੂ ਸਵਾਰਿਓ

## ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਫਤਹਿ

ਗੁਰਬਾਣੀ ਦੇ ਪ੍ਰੇਮੀ ਸੱਜਣਾਂ ਲਈ ਬੜੀ ਖੁਸ਼ੀ ਦਾ ਸੁਨੇਹਾ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ੬੦੫ ਅੰਗ ਤਕ ਕੀਤਾ ਸੀ, ਉਹ ਇਸ ਕਾਰਜ ਨੂੰ ਸੰਪੂਰਨ ਨਹੀਂ ਕਰ ਸਕੇ। ਇਹ ਟੀਕਾ ਉਨ੍ਹਾਂ ੭ ਪੋਥੀਆਂ ਵਿੱਚ ਕੀਤਾ ਹੈ। ਤਿੰਨ ਪੋਥੀਆਂ ਵਿੱਚ ਅਨੇਕ ਬਾਣੀਆ ਦਾ ਵੀ ਟੀਕਾ ਕੀਤਾ ਹੈ। ਅੱਗੇ ੬੦੬ ਅੰਗ ਤੋਂ ੧੩੫੩ ਅੰਗ ਤੱਕ ਟੀਕਾ ਪੰਥ ਪ੍ਰਸਿਧ ਵਿਦਵਾਨ ਲਾਸਾਨੀ ਲੇਖਕ ਗਿਆਨੀ ਮਹਿੰਦਰ ਸਿੰਘ ਜੀ ਰਤਨ ਅੰਮ੍ਰਿਤਸਰ ਵਾਲਿਆਂ ਨੇ ਨੌ ਪੋਥੀਆਂ ਵਿੱਚ ਕੀਤਾ ਹੈ। ਇਨ੍ਹਾਂ ਵਿਚੋਂ ੬ ਪੋਥੀਆਂ ਅੰਗ ੭੯੫-੧੩੫੩ ਤੱਕ ਉਨ੍ਹਾਂ ਦੇ ਪਰਿਵਾਰ ਡਾ.ਬ੍ਰਿਜਇੰਦਰ ਸਿੰਘ ਰਤਨ ਸਾਹਿਤ ਗਠਨ (ਰਜਿ.) ਸਾਰੰਗ ਲੋਕ ਫੇਜ ੧੧ (ਸੈਕਟਰ ੬੫) ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ)-੧੬੦੦੬੨ (ਪੰਜਾਬ) ਤੋਂ ਭੇਟਾ ਰਹਿਤ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

-ਬ੍ਰਿਜਇੰਦਰ ਸਿੰਘ ਰਤਨ, ਮੋ : ੯੮੭੮੭-੮੨੬੧੨

## ਖਬਰਾਬਲੀ :

**ਸਾਊਥਾਲ 'ਚ ਖ਼ਾਲਸਾ ਪੰਥ ਦੇ ਸਾਜਨਾ ਦਿਵਸ ਸੰਬੰਧੀ ਨਗਰ ਕੀਰਤਨ :** ਲੰਡਨ, ੭ ਅਪ੍ਰੈਲ : ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਲੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੇ ਸੰਬੰਧ ਵਿੱਚ ਸਜਾਏ ਨਗਰ ਕੀਰਤਨ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕੀਤੀ। ਨਗਰ ਕੀਰਤਨ ਦੀ ਆਰੰਭਤਾ ਗੁਰੂ ਨਾਨਕ ਰੋਡ ਗੁਰਦੁਆਰਾ ਸਾਹਿਬ ਤੋਂ ਹੋਈ, ਜੋ ਵੱਖ ਵੱਖ ਸੜਕ ਤੋਂ ਹੁੰਦਾ ਹੋਇਆ ਗੁਰਦੁਆਰਾ ਪਾਰਕ ਐਵੇਨਿਊ ਵਿਖੇ ਸੰਪੂਰਨ ਹੋਇਆ। ਇਸ ਮੌਕੇ ਲੰਡਨ ਦੇ ਮੇਅਰ ਸਦੀਕ ਖਾਨ ਉਚੇਚੇ ਤੌਰ ਤੇ ਸ਼ਾਮਿਲ ਹੋਏ ਅਤੇ ਸਿੱਖ ਭਾਈਚਾਰੇ ਨੂੰ ਵਧਾਈ ਦਿੰਦਿਆਂ ਕਿਹਾ ਕਿ ਲੰਡਨ ਦੇ ਵਿਕਾਸ 'ਚ ਸਿੱਖ ਭਾਈਚਾਰੇ ਦਾ ਵੱਡਾ ਯੋਗਦਾਨ ਹੈ।

**ਖ਼ਾਲਸਾ ਸਾਜਨਾ ਦਿਵਸ ਸੰਬੰਧੀ ਇਟਲੀ 'ਚ ਸਜਾਇਆ ਨਗਰ ਕੀਰਤਨ :** ਬਰੇਸ਼ੀਆ (ਇਟਲੀ), ੮ ਅਪ੍ਰੈਲ : ਇਟਲੀ ਦੇ ਗੁਰਦੁਆਰਾ ਬਾਬਾ ਬੁੱਢਾ ਜੀ ਸਿੱਖ ਸੈਂਟਰ, ਕਸਤੇਨੇਦਲੋ (ਬਰੇਸ਼ੀਆ) ਦੀ ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਸਤੇਨੇਦਲੋ ਵਿਖੇ ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਵਿਸਾਖੀ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਜਿਸ 'ਚ ਉਤਰੀ ਇਟਲੀ ਦੇ ਵੱਖ-ਵੱਖ ਸ਼ਹਿਰਾਂ ਤੋਂ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਨੇ ਹਾਜ਼ਰੀ ਲਗਵਾਈ। ਨਗਰ ਕੀਰਤਨ ਮੌਕੇ ਵੱਖ-ਵੱਖ ਰਾਗੀ ਸਿੰਘਾਂ ਦੁਆਰਾ ਇਲਾਹੀ ਕੀਰਤਨ ਅਤੇ ਪੰਥ ਦੇ ਪ੍ਰਸਿੱਧ ਢਾਡੀ ਜੱਥੇ ਦੁਆਰਾ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ।

**ਆਸਟ੍ਰੇਲੀਅਨ ਪ੍ਰਧਾਨ ਮੰਤਰੀ ਵਲੋਂ ਦਸਤਾਰ ਸਜਾ ਕੇ ਵਿਸਾਖੀ ਸਮਾਗਮ 'ਚ ਸ਼ਮੂਲੀਅਤ :** ਮੈਲਬੋਰਨ, ੮ ਅਪ੍ਰੈਲ : ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਥਨੀ ਅਲਬਨੀਜ਼ ਨੇ ਬੀਤੇ ਦਿਨ ਸਿੱਖ ਵਲੰਟੀਅਰਜ਼ ਆਸਟਰੇਲੀਆ ਵਲੋਂ ਕਰਵਾਏ ਇੱਕ ਸਮਾਗਮ ਦੌਰਾਨ ਦਸਤਾਰ ਸਜਾ ਕੇ ਸ਼ਮੂਲੀਅਤ ਕੀਤੀ। ਸਿੱਖ ਵਲੰਟੀਅਰਜ਼ ਆਸਟਰੇਲੀਆ ਵਲੋਂ ਸੰਸਥਾ ਦੇ ਦਸ ਸਾਲ ਪੂਰੇ ਹੋਣ ਤੇ ਵਿਸਾਖੀ ਨੂੰ ਸਮਰਪਿਤ ਇੱਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਜਿਥੇ ਵੱਖ ਵੱਖ ਰਾਜਨੀਤਿਕ ਨੇਤਾਵਾਂ ਨੇ ਸ਼ਿਰਕਤ ਕੀਤੀ ਉਥੇ ਪ੍ਰਧਾਨ ਮੰਤਰੀ ਅਲਬਨੀਜ਼ ਵੀ ਵਿਸ਼ੇਸ਼ ਤੌਰ ਤੇ ਪੁੱਜੇ। ਇਸ ਦੌਰਾਨ ਪ੍ਰਧਾਨ ਮੰਤਰੀ ਨੇ ਇਸ ਸੰਸਥਾ ਦੁਆਰਾ ਮਨੁੱਖਤਾ ਦੀ ਭਲਾਈ ਲਈ ਕੀਤੇ ਜਾਂਦੇ ਕਾਰਜਾਂ ਦਾ ਜ਼ਿਕਰ ਕਰਦੇ ਹੋਏ ਭਰਪੂਰ ਸ਼ਲਾਘਾ ਕੀਤੀ ਤੇ ਕਿਹਾ ਕਿ ਹਰ ਇੱਕ ਨਾਗਰਿਕ ਨੂੰ ਇਸ ਸੰਸਥਾ ਤੋਂ ਸਿੱਖਿਆ ਲੈਣੀ ਚਾਹੀਦੀ ਹੈ।

('ਰੋਜਾਨਾ ਅਜੀਤ' ਵਿਚੋਂ ਧੰਨਵਾਦ ਸਹਿਤ)

Date of Publication :1st & 2nd of every Month. Posted Through MB
P.O. Regn. G/CHD/0090/2024-2026
Regd. Newspaper R.N.I. PUNPUN/ 2000/3037
'ਗੁਰਬਾਣੀ ਚਾਨਣੁ' (ਮਾਸਿਕ ਪੱਤ੍ਰਿਕਾ)
If Undelivered Return to: Bhawan No. 6, Phase-3-A (Sec-53)
S.A.S. Nagar, MOHALI (Chandigarh) - 160059 (INDIA)

# ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

(ਅੰਗ-੧੧੦੮)

## ਮਹੀਨਾ ਜੇਠ

**ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥ ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥ ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥ ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥ ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥ ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥ ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥ ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥ ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥੪॥**

ਜੇਠ ਦਾ ਮਹੀਨਾ ਬੜਾ ਗਰਮੀ ਦਾ ਮਹੀਨਾ ਹੁੰਦਾ ਹੈ। ਸਤਿਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ ਇਸ ਮਹੀਨੇ ਉਸ ਪ੍ਰਮਾਤਮਾ ਨਾਲ ਮਿਲਣ (ਜੁੜਨ) ਦੀ ਲੋਚਾ ਅਪਣੇ ਅੰਦਰ ਪੈਦਾ ਕਰੀਏ, ਜੋ ਸਭਸ ਦਾ ਮਾਲਕ ਹੈ। ਜਿਸ ਅੱਗੇ ਸਭ ਝੁਕਦੇ ਹਨ । ਮਾਲਕ ਦੇ ਪੱਲੇ ਨਾਲ ਲੱਗਣ ਕਰਕੇ ਹੋਰ ਕਿਸੇ ਦੀ ਮੁਹਤਾਜੀ ਨਹੀਂ ਕਰਨੀ ਪੈਂਦੀ ।

ਪ੍ਰਭੂ ਦਾ ਨਾਮ ਹੀਰੇ ਜਵਾਹਰਾਤ ਰੂਪੀ ਸੰਪਤੀ ਹੈ ਇਸ ਨੂੰ ਕਦੇ ਵੀ ਕੋਈ ਚੋਰ ਪਾੜ ਨਹੀਂ ਲਾ ਸਕਦਾ। ਇਸ ਨਾਲ ਕੋਈ ਠੱਗ, ਠੱਗੀ ਨਹੀਂ ਕਰ ਸਕਦਾ। ਸਭ ਰੰਗ ਵਾਹਿਗੁਰੂ ਜੀ ਦੇ ਖਿੜੇ ਹੋਏ ਹਨ, ਬਹੁਤ ਸਾਰੀਆਂ ਮਨ ਭਾਉਂਦੀਆਂ ਵਸਤਾਂ ਹਨ, ਜੋ ਪ੍ਰਭੂ ਨੇ ਪੈਦਾ ਕੀਤੀਆਂ ਹੋਈਆਂ ਹਨ।

ਜੋ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ, ਉਹੋ ਹੀ ਕਰਦਾ ਹੈ ਅਤੇ ਜੀਵ ਵੀ ਉਸ ਦੀ ਮਰਜ਼ੀ ਅਨੁਸਾਰ ਹੀ ਇਸ ਸੰਸਾਰ ਵਿੱਚ ਵਿਚਰਦਾ ਹੈ। ਉਨ੍ਹਾਂ ਜੀਵਾਂ ਨੂੰ ਧੰਨ ਧੰਨ ਆਖੀਏ, ਜਿਨ੍ਹਾਂ ਨੂੰ ਆਪ ਪਰਮਾਤਮਾ ਨੇ ਅਪਨਾ ਲਿਆ ਹੈ। ਜੀਵਾਂ ਨੂੰ ਅਪਣਾ ਮੰਗਿਆ ਹੋਇਆ ਜੇਕਰ ਕੁਝ ਨਹੀਂ ਮਿਲਦਾ ਤਾਂ ਵਿਛੜੇ ਹੋਏ ਕਿਉਂ ਰੋਣ?

ਸਤਿਗੁਰੂ ਜੀ ਫਰਮਾਉਂਦੇ ਹਨ ਕਿ ਸਾਧੂ ਦਾ ਸੰਗ ਕਰਨ ਨਾਲ ਪਰਮਾਤਮਾ ਦਾ ਮਿਲਾਪ ਹੁੰਦਾ ਹੈ ਅਤੇ ਉਨ੍ਹਾਂ ਨਾਲ ਮਿਲ ਕੇ ਖੁਸ਼ੀਆਂ ਮਾਣੀਆਂ ਜਾਂਦੀਆਂ ਹਨ। ਇਸ ਤਰ੍ਹਾਂ ਦੀ ਅਵਸਥਾ, ਜਦੋਂ ਜਗਿਆਸੂ ਦੀ ਬਣਦੀ ਹੈ ਤਾਂ ਜੇਠ ਦਾ ਮਹੀਨਾ ਪ੍ਰਮਾਤਮਾ ਦੇ ਰੰਗ ਵਿੱਚ ਰੰਗਣ ਵਾਲਾ ਹੁੰਦਾ ਹੈ, ਪਰ ਇਹ ਅਵਸਥਾ ਉਸੇ ਨੂੰ ਪ੍ਰਾਪਤ ਹੁੰਦੀ ਹੈ ਜਿਸ ਦੇ ਮੱਥੇ ਤੇ ਚੰਗੇ ਭਾਗ ਲਿਖੇ ਹੁੰਦੇ ਹਨ।